ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ AMRITSAR

## ਗੁਰਦਵਾਰਾ ਨਾਨਕ ਝੀਰਾ, ਬਿਦਰ

ਜੂਨ ੧੯੭੬

Jun 1976



ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਿੱਠੇ ਪਾਣੀ ਦਾ ਚਸ਼ਮਾ ਵਗਾਇਆ ਜੋ ਹੁਣ ਤਕ ਸਾਰੇ ਇਲਾਕੇ ਨੂੰ ਤ੍ਰਿਪਤ ਕਰ ਰਿਹਾ ਹੈ।

www.AKJ.org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ੩/੭੦-੬੮-੨੧ (ਮਿਤੀ-੧੭।੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

## ਤਤਕਰਾ


| | | |
|---|---|---|
| ਦਰ ਕੂਚਾ-ਇ ਇਸ਼ਕ ਮੁਹਾਲ (ਫ਼ਾਰਸੀ ਗ਼ਜ਼ਲ) | ਭਾਈ ਨੰਦ ਲਾਲ ਜੀ | ੧ |
| ਸਚ-ਪਦਾਰਥ ਤੇ ਨਾਮ-ਨਾਮੀ ਅਭੇਦਤਾ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਪੋਥੀ ਪਰਮੇਸਰ ਕਾ ਥਾਨੁ | — — | ੫ |
| ਮਰਨ ਸਮੇਂ ਜਮਾਂ ਦੀ ਝਾਕੀ | ਭਾਈ ਸਾਹਿਬ ਰਣਧੀਰ ਸਿੰਘ ਜੀ | ੬ |
| ਗਲੀ ਸਜਨ ਦੀ ਜਾਣਾ ਔਖਾ (ਪੰਜਾਬੀ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੧੩ |
| ਪਰਤਖਿ ਸਤਿਗੁਰੂ | ਸ: ਤ੍ਰਿਲੋਚਨ ਸਿੰਘ ਜੀ ਦਿਲੀ | ੧੪ |
| ਖ਼ਾਲਸਾ ਮੇਰੋ ਰੂਪ ਹੈ ਖ਼ਾਸ ? | ਸ: ਤ੍ਰਿਲੋਚਨ ਸਿੰਘ ਜੀ, ਸੋਨੀਪਤ | ੧੬ |
| ਦੁਰਲਭ ਦਰਸ਼ਨ | ਮੇਜਰ ਪ੍ਰਗਟ ਸਿੰਘ ਜੀ | ੧੮ |
| ਸਿਨੇਮਾ ਲਾਅਨਤ ਕਿ ਬਰਕਤ | ਸ: ਮਨਜੀਤ ਸਿੰਘ ਜੀ | ੧੯ |
| ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਮਤਾ | — — — | ੨੦ |
| ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ | ਗਿਆਨੀ ਕੁੰਭੇਰ ਸਿੰਘ ਜੀ | ੨੧ |
| ਸ਼ਹੀਦਾਂ ਦੇ ਸਿਰਤਾਜ (ਕਵਿਤਾ) | ਗਿਆਨੀ ਗੋਪਾਲ ਸਿੰਘ ਜੀ ਮਿਤਰ | ੨੪ |
| ਬੀਬੀ ਜਿਵਾਈ ਜੀ | ਸ: ਵਰਿਆਮ ਸਿੰਘ ਜੀ | ੨੫ |
| ਮਹਾਨ ਇਸਤ੍ਰੀ ਮਾਤਾ ਨਾਨਕੀ ਜੀ | ਡਾ: ਮਹਿੰਦਰ ਸਿੰਘ ਜੀ ਢਿਲੋਂ | ੨੭ |
| ਦਰਬਾਰ ਸਾਹਿਬ (ਕਵਿਤਾ) | ਸ: ਤੇਜਿੰਦਰ ਸਿੰਘ ਜੀ ਧੀਰਜ | ੨੯ |
| ਪਾਕਿਸਤਾਨ ਵਿਚਲੇ ਇਤਿਹਾਸਕ ਗੁਰ-ਅਸਥਾਨ | ਗਿ: ਗੁਰਬਚਨ ਸਿੰਘ ਜੀ, ਪਟਨਾ ਸਾਹਿਬ | ੩੦ |
| ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ | ਸ: ਮਹਿੰਦਰਪਾਲ ਸਿੰਘ ਜੀ | ੩੧ |
| ਵਿਸ ਕਿ ਵਿਸਕੀ (ਕਵਿਤਾ) | ਸ: ਦੇਵਾ ਸਿੰਘ ਜੀ ਕਿਰਤੀ | ੩੨ |
| ਜਿਸ ਮਰਨੇ ਤੇ ਜਗ ਡਰੇ | ਸਾਰੰਗ ਜੀ, ਕਪੂਰਥਲਾ | ੩੩ |
| 'ਚਾਰ ਬਾਗ਼ ਇ ਪੰਜਾਬ' ਬਾਰੇ ਰੋਸ | ਸੰਪਾਦਕ | ੩੪ |
| ਗੁਰੂ ਡੰਮ | ਭਾਈ ਸਾਹਿਬ ਜੋਗਿੰਦਰ ਸਿੰਘ ਜੀ | ੩੫ |
| ਵੇਦੀਨਾਂ ਕੀ ਦੋਸਤੀ ਵੇਦੀਨਾਂ ਕਾ ਖਾਣੁ | ਸ: ਬਲਦੇਵ ਸਿੰਘ ਜੀ | ੩੭ |


ਪਾਠਕ ਜੀ—ਜੇ ਰਕਮ ਬੈਂਕ ਦੇ ਚੈਕ ਰਾਹੀਂ ਭੇਜੋ ਤਾਂ ਬੈਂਕ ਦੀ ਕਮਿਸ਼ਨ ਦੇ ਤਿੰਨ ਰੁਪਏ ਵਧ ਭੇਜੋ ਜੀ।

ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ ਦਿਵਸ ੨ ਜੂਨ   ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਵਤਾਰ ਦਿਵਸ ੧੩ ਜੂਨ

## ਗੁਰਸਿਖ ਸੰਗਤਾਂ ਪ੍ਰਤੀ ਬਿਨੈ-ਪਤਰ

ਮੇਰੀ ਉਮਰ ਹੁਣ ੯੭ ਸਾਲ ਹੋ ਚੁਕੀ ਹੈ। ਕੁਝ ਦਿਨ ਹੋਏ, ਮੈਨੂੰ ਹਲਕਾ ਜਿਹਾ ਦਿਲ ਦਾ ਦੌਰਾ ਹੋਇਆ, ਪਰ ਬਲੱਡ ਪ੍ਰੈਸ਼ਰ ਠੀਕ ਸੀ, ਇਸ ਲਈ ਠੀਕ ਹੋ ਗਿਆ। ਮਨ ਕਰਕੇ ਭਾਵੇਂ ਚੜ੍ਹਦੀ ਕਲਾ ਹੈ ਅਤੇ ਹਰ ਤਰ੍ਹਾਂ ਸਤਿਗੁਰਾਂ ਦੀ ਕਿਰਪਾ ਹੈ, ਪਰ ਹੁਣ ਸਰੀਰ ਬਹੁਤੀ ਖੇਚਲ ਬਰਦਾਸ਼ਤ ਨਹੀਂ ਕਰਦਾ। ਕਈ ਸਿੰਘ ਦੂਰ-ਦੁਰਾਡੇ ਤੋਂ ਸਮਾਗਮਾਂ ਵਿਚ ਪੁਜਣ ਲਈ ਸੱਦਾ-ਪੱਤਰ ਭੇਜਦੇ ਤੇ ਖਿਚਾਂ ਪਾਉਂਦੇ ਹਨ। ਦਾਸ ਉਨ੍ਹਾਂ ਦੇ ਪਿਆਰ ਦਾ ਧੰਨਵਾਦੀ ਹੈ। ਸਭ ਗੁਰਸਿਖਾਂ ਪਾਸ ਬਿਨੇ ਹੈ ਕਿ ਮੇਰੀ ਉਮਰ ਦਾ ਖ਼ਿਆਲ ਰਖਣ ਅਤੇ ਨਾ ਪੁਜ ਸਕਣ ਦੀ ਖਿਮਾ ਬਖਸ਼ਣ।

—ਦਾਸ—ਮਲ ਸਿੰਘ, ਤਰਨ ਤਾਰਨ


ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੩੧.੫.੭੬ ਨੂੰ ਪ੍ਰਕਾਸ਼ਤ ਕੀਤਾ
ਟੈਲੀਫ਼ੋਨ ਨੰਬਰ 51847


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਸੂਰਾ

ਮਾਸਕ ਅੰਮ੍ਰਿਤਸਰ ਪੱਤਰ

ਸਲਾਨਾ ਚੰਦਾ ੮–੦੦
ਪਰਦੇਸ ੧੮–੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦–੭੫

ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੦ ਜੂਨ ੧੯੭੬ ਅੰਕ ੬

## ਦਰ ਕੂਚਾ-ਇ ਇਸ਼ਕ ਮੁਹਾਲ

ਇਮ-ਸ਼ਬ, ਬ-ਤਮਾਸ਼ਾ-ਇ ਰੁਖ਼ਿ ਯਾਰ, ਤਵਾਂ ਰਫ਼ਤ ।
ਸੂਏ, ਬੁਤਿ ਆਸ਼ਕ-ਕੁਸ਼ ਅੱਯਾਰ, ਤਵਾਂ ਰਫ਼ਤ ॥੧॥

ਦਰ ਕੂਚਾ-ਇ ਇਸ਼ਕ, ਅਰਚਿਹ ਮੁਹਾਲ ਅਸਤ ਰਸੀਦਨ ।
ਮਨਸੂਰ ਸਿਫ਼ਤ, ਬਾ-ਕਦਮਿ ਦਾਰ, ਤਵਾਂ ਰਫ਼ਤ ॥੨॥

ਐ ਦਿਲ, ਬਸੂਏ ਮਦਰਸਾ, ਗਰ ਮੈਲ ਨ ਦਾਰੀ ।
ਬਾਰੇ, ਬਸੂਏ ਖ਼ਾਨਾ-ਇ ਖ਼ੁੱਮਾਰ, ਤਵਾਂ ਰਫ਼ਤ ॥੩॥

ਚੂੰ ਦਾਮਨਮ, ਅਜ਼ ਅਸ਼ਕਿ ਤੋ, ਸ਼ੁਦ ਰਸ਼ਕਿ ਗੁਲਿਸਤਾਂ ।
ਬੇਹੂਦਾ, ਚਿਰਾ ਜਾਨਬਿ ਗੁਲਜ਼ਾਰ, ਤਵਾਂ ਰਫ਼ਤ ॥੪॥

ਐ ਦਿਲ, ਚੁ ਸ਼ੁਦੀ ਵਾਕਫ਼ਿ ਅਸਰਾਰਿ ਅਲਾਹੀ ।
ਦਰ ਸੀਨਾ-ਇ ਆਂ ਮਖ਼ਜ਼ਨਿ ਅਸਰਾਰ, ਤਵਾਂ ਰਫ਼ਤ ॥੫॥

ਸਦ ਰੋਜ਼ਾ-ਇ ਰਿਜ਼ਵਾਂਸਤ, ਚੂ ਦਰ ਖ਼ਾਨਾ ਸ਼ਗੁਫ਼ਤਹ ।
'ਗੋਇਆ' ਬ-ਚਿਹ ਸੂਏ ਦਰੋ ਦੀਵਾਰ, ਤਵਾਂ ਰਫ਼ਤ ॥੬॥

ਪੰਜਾਬੀ ਉਲਥਾ ਵੇਖੋ ਅੰਦਰ] [ਭਾਈ ਨੰਦ ਲਾਲ ਜੀ, ਗ਼ਜ਼ਲ ੧੨

ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ।

www.AKJ.Org

# ਸਚ-ਪਦਾਰਥ ਤੇ ਨਾਮ-ਨਾਮੀ ਅਭੇਦਤਾ

[ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

(੩੦) **ਸਚ-ਪਦਾਰਥ ਤੇ ਨਾਮ-ਨਾਮੀ ਅਭੇਦਤਾ** :–ਇਸ ਬਿਧਿ ਜਿਹੜੇ ਗੁਰਮੁਖ ਜਨ ਨਾਮ ਜਪਦੇ ਹਨ, ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਤਿਨ੍ਹਾਂ ਪ੍ਰਤੀ ਆਪਣਾ ਤਨ ਮਨ ਸਭ ਅਰਪ ਦੇਵਾਂ । ਵਾਹੁ ਵਾਹੁ ਦੀ ਮਹਿਮਾ-ਮਈ ਅਗਲੇਰਾ ਗੁਰਵਾਕ ਇਹ ਹੈ :–

ਵਾਹੁ ਵਾਹੁ ਸਾਹਿਬੁ ਸਚੁ ਹੈ ਅੰਮ੍ਰਿਤੁ ਜਾ ਕਾ ਨਾਉ ॥ ਜਿਨਿ ਸੇਵਿਆ ਤਿਨਿ ਫਲੁ ਪਾਇਆ, ਹਉ ਤਿਨ ਬਲਿਹਾਰੈ ਜਾਉ ॥ ਵਾਹੁ ਵਾਹੁ ਗੁਣੀ ਨਿਧਾਨੁ ਹੈ ਜਿਸ ਨੋ ਦੇਇ ਸੁ ਖਾਇ ॥ ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ ਗੁਰਮੁਖਿ ਪਾਇਆ ਜਾਇ ॥ ਵਾਹੁ ਵਾਹੁ ਗੁਰਸਿਖ ਨਿਤ ਸਭਿ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ ॥ ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮ ਕੰਕਰੁ ਨੇੜਿ ਨ ਆਵੈ ॥੨॥੧੭॥

[ਵਾਰ ਗੂਜਰੀ, ੫੧੫

ਇਸ ਸਲੋਕ ਦੁਆਰਾ ਏਹ ਗਲਾਂ ਸਿੱਧ ਹੁੰਦੀਆਂ ਹਨ : ਸਾਹਿਬ ਸਤਿ ਪੁਰਖ ਵਾਹਿਗੁਰੂ ਅਕਾਲ ਪੁਰਖ ਹੀ ਹੈ । ਗੁਰਬਾਣੀ ਅੰਦਰ ਜਿਥੇ ਭੀ 'ਸਚੁ' ਪਦ ਆਇਆ ਹੈ ਉਹ ਸਤਿ ਪੁਰਖ ਅਕਾਲ ਦਾ ਹੀ ਵਾਚਕ ਹੈ । ਸਚ ਬੋਲਣ ਦੇ ਅਰਥਾਂ ਵਾਲਾ ਸਚੁ ਪਦ ਭੀ ਗੁਰਬਾਣੀ ਅਨੁਸਾਰ ਸਤਿ ਨਾਮ ਹੈ । ਸਚ ਬੋਲਣਾ ਆਦਕ ਇਖ਼ਲਾਕੀ ਗੁਣ, ਏਹ ਉਰੇਡੇ ਦੇ ਗੁਣ ਹਨ । "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ" ਗੁਰਮਤਿ ਸਚ ਦੇ ਪ੍ਰਤੀਪਾਦਨ ਪ੍ਰਥਾਇ ਗੁਰ-ਪ੍ਰਮਾਣਾਂ ਸਹਿਤ ਇਕ ਵੱਖਰੀ ਪੁਸਤਕ 'ਗੁਰਮਤਿ ਸਚ ਨਿਰਣੇ' ਛਪ ਚੁਕੀ ਹੈ । ਉਸ ਸੱਚੇ ਸਾਹਿਬ ਦਾ ਵਾਹੁ ਵਾਹੁ ਪ੍ਰਤਿਪਾਦਕੀ ਨਾਮ ਅੰਮ੍ਰਿਤੁ ਹੈ, ਅਰਥਾਤ ਅੰਮ੍ਰਿਤ ਰੂਪ ਹੈ ਤੇ ਅੰਮ੍ਰਿਤ ਕਲਾ ਸੰਪੰਨ ਹੈ । ਜਿਨ੍ਹਾਂ ਨੇ ਇਸ ਨੂੰ ਸੇਵਨ ਕੀਤਾ ਹੈ, ਤਿਨ੍ਹਾਂ ਨੇ ਹੀ ਅੰਮ੍ਰਿਤ ਫਲ ਪਾਇਆ ਹੈ । ਗੁਰਬਾਣੀ ਅੰਦਰ ਨਾਮ ਜਪਣਾ ਨਾਮੀ ਦੀ ਮੁਖ ਟਹਿਲ ਸੇਵਾ ਹੈ । ਯਥਾ ਗੁਰਵਾਕ :–

ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥ [ਥਿਤੀ ਗਉ. ਮ: ੫, ਪੰਨਾ ੩੦੦

ਗੁਰ ਕੀ ਸੇਵਾ ਗੁਰ ਭਗਤਿ ਹੈ ॥ [ਪੰਨਾ ੬੬

ਇਸ ਗੁਰਮਤਿ ਭਾਵ ਪ੍ਰਥਾਇ ਹੋਰ ਅਨੇਕ ਪ੍ਰਮਾਣ ਹਨ । "ਵਾਹੁ ਵਾਹੁ ਗੁਣੀ ਨਿਧਾਨੁ" ਵਾਹਿਗੁਰੂ ਸਚਾ ਸਾਹਿਬ ਗੁਣੀ ਨਿਧਾਨ ਹੈ, ਜਿਸ ਨੂੰ ਚਾਹੇ ਤਿਸ ਨੂੰ ਅੰਮ੍ਰਿਤ ਫਲ ਅੰਮ੍ਰਿਤ ਨਾਮ ਦੀ ਦਾਤ ਦੇਵੇ । ਵਾਹਿਗੁਰੂ ਅਕਾਲ ਪੁਰਖੁ ਜਲਾਂ ਥਲਾਂ ਵਿਖੇ ਪਰੀ-ਪੂਰਨ ਹੈ, ਪਰ ਗੁਰਮੁਖ ਜਨਾਂ ਨੂੰ ਹੀ, ਗੁਰਮਤਿ ਨਾਮ ਦੇ ਜਪਣ ਵਾਲਿਆਂ ਨੂੰ ਹੀ ਇਸ ਦੀ ਪ੍ਰਾਪਤੀ ਹੁੰਦੀ ਹੈ । ਅਕਾਲ ਪੁਰਖ ਦਾ ਸਰਬ ਵਿਆਪਕ ਅਨਮਾਨ (ਖ਼ਿਆਲ) ਕਰ ਲੈਣਾ ਹੀ ਕਾਫ਼ੀ ਨਹੀਂ । ਪਰੀ-ਪੂਰਨਤਾ ਦਾ ਅਨੁਮਾਨ ਮਾਤਰ ਗਿਆਨ, ਗੁਰਮਤਿ ਗਿਆਨ ਨਹੀਂ । ਅਕਾਲ ਪੁਰਖ ਦੀ ਪ੍ਰਾਪਤੀ, ਅਕਾਲ ਪੁਰਖ ਦਰਸ ਮਿਲਾਪੀ ਸਾਖਸ਼ਾਤਕਾਰ ਹੀ ਤਤ ਗੁਰਮਤਿ ਗਿਆਨ ਹੈ । ਪਿਛਲੀਆਂ ਦੋ ਤੁਕਾਂ ਅੰਦਰ ਗੁਰੂ ਸਾਹਿਬ ਹੁਕਮ ਦਿੰਦੇ ਹਨ ਕਿ ਹੇ ਗੁਰਸਿਖੋ, ਤੁਸੀਂ ਸਭੇ ਸਾਰੇ ਜਣੇ ਹੀ ਗੁਰਸਿਖ ਸਦਾਵਣ ਵਾਲੇ ਨਿਤਾਪ੍ਰਤਿ ਵਾਹੁ ਵਾਹੁ ਪ੍ਰਤਿਪਾਦਕੀ ਨਾਮ ਦਾ ਰਟਨ ਕਰੋ, ਕਿਉਂ ਕਿ ਗੁਰ ਪੂਰੇ ਨੂੰ ਇਹੋ ਰਟਨ ਭਾਉਂਦਾ ਹੈ । ਫੇਰ ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਜੋ ਗੁਰਸਿਖ ਮਨੋ ਚਿਤ ਵਾਹੁ ਵਾਹੁ ਪ੍ਰਤਿਪਾਦਕੀ ਪੂਰੇ ਨਾਮ ਦਾ ਰਟਨ ਕਰਦੇ ਹਨ, ਤਿਨ੍ਹਾਂ ਦੇ ਜਮ ਕੰਕਰੁ ਨੇੜੇ ਨਹੀਂ ਆਉਂਦਾ । ਵਾਹੁ ਵਾਹੁ ਵਾਲੇ ਸਭ ਤੋਂ ਪਿਛਲੇ ਗੁਰਵਾਕ ਦੀ ਵਿਵੇਚਨਾ ਇਸ ਪ੍ਰਕਾਰ ਹੈ :–

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥ ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥ ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥ ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ



www.AKJ.Org

ਕੋਇ ॥ ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ ॥ ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ ॥੧॥੧੮॥ [ਵਾਰ ਗੂਜਰੀ, ੫੧੫

ਵਾਹੁ ਵਾਹੁ ਰੂਪੀ ਬਾਣੀ ਵਾਹਿਗੁਰੂ ਨਿਰੰਕਾਰ ਸੰਬੋਧਕ ਹੈ, ਅਰਥਾਤ ਨਾਮ ਨਾਮੀ ਅਭੇਦ ਹਨ। ਅਤੇ ਨਾਮ, ਗੁਰਮਤਿ ਨਾਮ ਨਿਰੰਕਾਰ ਨਾਮੀ ਸਰੂਪ ਹੋਣ ਕਰਿ ਅਗੰਮ ਅਤੇ ਅਥਾਹ ਹੈ। ਅਤੇ ਨਾਮੀ ਨਾਲ ਅਭੇਦ ਰੂਪ ਹੋਣ ਕਰਿ ਗੁਰਮਤਿ ਨਾਮ ਵਾਹੁ ਵਾਹੁ ਦੀ ਸਿਫਤ ਸਲਾਹ ਵਾਲਾ, "ਸਚਾ ਸੋਇ" ਅਰਥਾਤ ਸਚਾ ਅਕਾਲ ਰੂਪ ਹੀ ਹੈ। ਇਹ ਵਾਹੁ ਵਾਹੁ ਦੀ ਸਿਫਤ-ਸਲਾਹ ਵਾਲਾ ਗੁਰਮਤਿ ਨਾਮ ਵਾਹਿਗੁਰੂ ਅਕਾਲ ਪੁਰਖ ਦਾ ਸਰੂਪ ਹੋਣ ਕਰਿ ਵੇਪਰਵਾਹ ਕਲਾ ਵਾਲਾ ਸਰਬ ਕਲਾ ਸਮਰਥ ਹੈ। ਇਹ ਗੁਰਮੰਤਰ ਵਾਹਿਗੁਰੂ ਹੀ ਅੰਮ੍ਰਿਤ ਨਾਮੁ ਹੈ ਜੋ ਕਿਸੇ ਗੁਰਮੁਖ ਪਿਆਰੇ ਨੂੰ ਹੀ ਮਿਲਦਾ ਹੈ। ਏਹ ਗੁਰਮਤਿ ਨਾਮ ਦਯਾ ਅਤੇ ਕਿਰਪਾ ਕਰਿ ਹੀ ਪ੍ਰਾਪਤ ਹੁੰਦਾ ਹੈ ਅਤੇ ਜਿਸ ਗੁਰਮੁਖ ਨੂੰ ਏਹ ਗੁਰਮੰਤਰ ਪ੍ਰਾਪਤ ਹੋਇਆ ਹੈ, ਉਸ ਦੀ ਪ੍ਰਾਪਤੀ ਦੀ ਏਹ ਨਿਸ਼ਾਨੀ ਹੈ ਕਿ ਉਹ "ਅਨਦਿਨੁ ਨਾਮੁ ਲਏਇ" ਦਿਨ ਰਾਤ ਸੁਆਸਿ ਸੁਆਸਿ ਨਾਮ ਹੀ ਜਪਦਾ ਰਹਿੰਦਾ ਹੈ। ਉਪਰ ਦਿਤੇ ਸਮੂਹ ਗੁਰਪ੍ਰਮਾਣਾਂ ਦੇ ਸਿਧਾਂਤ ਦਾ ਇਹੋ ਸਿੱਟਾ ਨਿਕਲਿਆ ਕਿ ਪੂਰਨ ਗੁਰਮਤਿ ਬਿਧੀ ਅਨੁਸਾਰ ਗੁਰੂ ਦੁਆਰਾ (ਗੁਰੂ ਗ੍ਰੰਥ ਸਾਹਿਬ ਦੇ ਤਾਬੇ ਪੰਜਾਂ ਨਾਮ ਦੀ ਕਮਾਈ ਵਾਲੇ ਪਿਆਰਿਆਂ ਦੁਆਰਾ) ਪ੍ਰਾਪਤ ਹੋ ਕੇ ਗੁਰਸਿਖ ਅਭਿਆਸੀ ਜਨ ਨੂੰ ਦ੍ਰਿੜ ਹੋਇਆ ਗੁਰਮਤਿ ਨਾਮ ਮੁਖ ਰਸਨਾ ਰਾਹੀਂ ਜਪਣ ਕਰਿ ਕਦੇ ਨਿਸਫਲ ਨਹੀਂ ਜਾਂਦਾ। ਨਾਮ ਜਪਣ ਦੀ ਪਾਰਸ ਕਲਾ ਜ਼ਰੂਰ ਵਰਤਦੀ ਹੈ। ਨਾਮ ਜਪਣ ਦੇ ਜੋ ਜੋ ਫਲ ਉਪਰਲੇ ਗੁਰ ਪ੍ਰਮਾਣਾਂ ਅੰਦਰਿ ਬਿਆਨ ਕੀਤੇ ਗਏ ਹਨ, ਉਹ ਅਵਸ਼ ਹੀ ਜਪਣ ਵਾਲੇ ਨੂੰ ਮਿਲਦੇ ਹਨ ਅਤੇ ਖ਼ੁਦ ਨਾਮ ਜਪ ਕੇ ਪਾਰਸ ਪਰਤਾਪ ਕਰਿ ਹੀ ਪ੍ਰਾਪਤ ਹੁੰਦੇ ਹਨ। ਮਨਮੁਖ ਨਾਮ ਬਿਹੂਣੇ ਦਾ ਮੁਖੋਂ ਹਰਿ ਹਰਿ ਕਰਨਾ ਬੇਅਰਥ ਹੈ, ਕਿਉਂਕਿ ਉਸ ਨੂੰ ਗੁਰੂ ਦੁਆਰਾ ਗੁਰਮਤਿ ਨਾਮ ਪ੍ਰਾਪਤ ਨਹੀਂ ਹੋਇਆ। ਉਥੇ ਨਾਮ ਦੀ ਪਾਰਸ ਕਲਾ ਨਹੀਂ ਵਰਤ ਸਕਦੀ ਅਤੇ ਨਾ ਹੀ ਉਸ ਦਾ ਹਿਰਦਾ ਸੁਧ ਹੋ ਸਕਦਾ ਹੈ ਅਤੇ ਨਾ ਹੀ ਉਹ ਵਿਕਾਰਾਂ ਦੇ ਚਿਤਵਨ ਤੋਂ ਅਤੇ ਵਿਕਾਰੀ ਕਰਮ ਕਰਨ ਤੋਂ ਬਾਜ਼ ਆ ਸਕਦਾ ਹੈ। ਵਾਸਤਵ ਵਿਚ ਮਨਮੁਖ ਤਾਂ ਨਾਮ ਜਪ ਹੀ ਨਹੀਂ ਸਕਦਾ। ਸੁਣੀ ਸੁਣਾਈ ਲੋਕ-ਦਿਖਾਵੇ ਮਾਤਰ ਚਾਰ ਮਿੰਟ ਆਪਣੀ ਮਨ ਉਕਤ ਬਰੜ ਬਾਣੀ ਕਰੇਗਾ, ਫਿਰ ਹਟ ਜਾਏਗਾ। ਨਾਮ ਜਪਣ ਵਾਲੇ ਦੀ ਨਿਸ਼ਾਨੀ ਏਹ ਹੈ ਕਿ ਉਹ "ਅਨਦਿਨੁ ਨਾਮੁ ਲਏਇ"। ਅਤੇ ਜੇਹੜੇ ਅਨਦਿਨ ਨਾਮ ਜਪਦੇ ਹਨ, ਉਹਨਾਂ ਦੇ ਮਨ ਸੁਧ ਹੁੰਦੇ ਚਲੇ ਜਾਂਦੇ ਹਨ। ਉਹਨਾਂ ਦੀ ਰਸਨਾ ਉਤੇ ਨਾਮ ਦਿਨੋ ਦਿਨ ਦੂਣ ਸਵਾਇਆ ਹੋਰੋ ਹੋਰ ਰੰਗਾਂ ਤ੍ਰੰਗਾਂ ਵਿਚ ਚੜ੍ਹਦਾ ਰਹਿੰਦਾ ਹੈ। ਉਹ ਬੁਰੇ ਕਰਮਾਂ ਵਿਚ ਪਰਵਿਰਤ ਹੋਣੋਂ ਨਾਮ ਦੇ ਤੁਫ਼ੈਲ ਸਦਾ ਰੁਕੇ ਰਹਿੰਦੇ ਹਨ। ਬਿਕਾਰਾਂ ਵਿਚ ਖਚਤ ਹੋ ਹੀ ਨਹੀਂ ਸਕਦੇ। ਮਨ ਤਾ ਨਾਮ ਵਿਚ ਹੀ ਰੁਝਿਆ ਹੋਇਆ ਹੈ, ਮਨ ਨੂੰ ਬਿਕਾਰ ਚਿਤਵਨ ਦੀ ਫ਼ੁਰਸਤ ਹੀ ਨਹੀਂ ਮਿਲਦੀ। ਜਦ ਬਿਕਾਰ ਚਿਤਵਨੀ ਹੀ ਨਹੀਂ ਉਪਜਦੀ ਤਾਂ ਬਿਕਾਰ ਕਰਮ ਕਰਨੋਂ ਭੀ ਰਹਿ ਖੜੋਤਾ। ਨਾਮ ਜਪਣ ਰੂਪੀ ਕਰਮ ਤੋਂ ਛੁਟ ਹੋਰ ਕਰਮਾਂ ਵਿਚ ਨਾਮ ਰਸੀਆ ਅਭਿਆਸੀ ਜਨ ਪਰਵਿਰਤ ਅਤੇ ਖਚਤ ਹੀ ਨਹੀਂ ਹੋ ਸਕਦਾ। ਹੋਰ ਕਰਮਾਂ ਦੇ ਕਰਨ ਲਈ ਪਰਵਿਰਤੀ ਭੀ ਰਹਿ ਖੜੋਤੀ। ਨਾਮ ਤੋਂ ਬਿਨਾਂ ਹੋਰ ਖਿਆਲ ਚਿਤਵਨਾ, ਨਾਮ ਤੋਂ ਬਿਨਾਂ ਰਸਨਾ ਤੇ ਹੋਰ ਕੁਝ ਲਿਆਵਣਾ ਅਤੇ ਅਨਦਿਨ ਨਾਮ ਵਿਚ ਰਤੇ ਰਹਿਣਾ ਏਹ ਗੁਰਮਤਿ ਅੰਦਰਿ ਮਨ ਬਚ ਕਰਮ ਕਰਕੇ ਨਾਮ ਵਿਚ ਲਗਣਾ ਹੈ।

ਇਕ ਸਜਣ ਦੇ ਨਜ਼ਦੀਕ ਨਾਮ ਦੇ ਖਿਆਲ ਵਾਲੀਆਂ ਚਿਤਵਨੀਆਂ ਚਿਤਵਨਾ ਅਤੇ ਨਾਮ ਦੇ ਬੋਧ ਵਾਲੇ ਬਚਨ ਬੋਲਣੇ ਬਿਚਾਰਨੇ ਅਤੇ ਨਾਮ ਦੇ ਭਾਵ ਵਾਲੇ ਕਰਮ ਕਰਨੇ ਏਹੋ ਮਨ ਬਚ ਕਰਮ ਕਰਕੇ ਨਾਮ ਵਿਚਿ ਲਗਣਾ ਹੈ। ਜੋ ਗੁਰਮਤਿ ਗੂੜ੍ਹ ਭਾਵ ਦੇ ਤੱਤ ਤੋਂ ਐਨ ਉਲਟ ਹੈ, ਏਹ ਸਜਣ ਮਨ ਬਚ ਕਰਮ ਕਰਕੇ ਨਾਮ ਵਿਚਿ ਲਗਣ ਪ੍ਰਥਾਇ ਜੋ ਗੁਰ ਪ੍ਰਮਾਣ ਦਿੰਦੇ ਹਨ, ਉਨ੍ਹਾਂ ਦਾ ਆਸ਼ਾ ਉਨ੍ਹਾਂ ਦੇ ਆਪਣੇ ਆਸ਼ੇ

www.AKJ.Org

ਅਨਕੂਲ ਨਹੀਂ। ਯਥਾ ਵਿਚਾਰ :

ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥
ਸੁਨਤ ਕਹਤ ਰਹਤ ਗਤਿ ਪਾਵਹੁ ॥
[ਗਉੜੀ ਸੁਖ: ਮ: ੫, ੨੮੯

ਇਸ ਗੁਰਵਾਕ ਅੰਦਰਿ "ਸੁਨਤ ਕਹਤ ਰਹਤ" ਤੋਂ ਭਾਵ ਨਾਮ ਦਾ ਹੀ ਸ੍ਰਵਨ, ਨਾਮ ਦਾ ਹੀ ਮੰਨਣ ਅਤੇ ਨਾਮ ਦਾ ਹੀ ਨਿਧਿਆਸਨ ਹੈ। ਇਹੀ ਮਨ ਬਚ ਕਰਮ ਕਰਕੇ ਨਾਮ ਵਿਚਿ ਲਗਣਾ ਹੈ। ਅਤੇ ਅਗਲੇ ਗੁਰ-ਵਾਕ :

ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥
ਸਦਾ ਸਦਾ ਜਾਨਹੁ ਤੇ ਸੁਖੀ ॥
[ਸੁਖਮਨੀ ਮ: ੫, ੨੮੧

ਅੰਦਰ ਮਨ ਤਨ ਮੁਖ ਕਰਕੇ ਹਰਿ ਬੋਲਣ ਤੋਂ ਭੀ ਮੁਹਾਦ ਮਨ ਬਚ ਕਰਮ ਕਰਕੇ ਨਾਮ ਵਿਚ ਲਗਣਾ ਹੈ। ਤੀਜੇ ਗੁਰਵਾਕ—

ਮਨ ਬਚ ਕ੍ਰਮਿ ਰਾਮਨਾਮੁ ਚਿਤਾਰੀ ॥ ਘੂਮਨ ਘੇਰਿ ਮਹਾ ਅਤਿ ਬਿਖੜੀ ਗੁਰਮੁਖਿ ਨਾਨਕ ਪਾਰਿ ਉਤਾਰੀ ॥ [ਰਾਮ: ੫, ੯੧੬

ਅੰਦਰ ਭੀ ਮਨ ਬਚ ਕਰਮ ਕਰਿ ਨਾਮ ਜਪਣ ਤੋਂ ਭਿੰਨ ਕੋਈ ਹੋਰ ਨਾਮ ਤੇ ਵਖਰੇ ਕਰਮ ਆਦਿਕ ਤੋਂ ਮੁਰਾਦ ਨਹੀਂ। ਚੌਥੇ ਗੁਰਵਾਕ—

ਮਨ ਬਚ ਕ੍ਰਮ ਪ੍ਰਭੁ ਏਕੁ ਧਿਆਇ ॥ ਸਰਬ ਫਲਾ ਸੋਈ ਜਨੁ ਪਾਏ ॥ [ਸੂਹੀ ਮ: ੫, ੭੬੪

ਅੰਦਰ ਸਪਸ਼ਟ ਹੀ ਕੇਵਲ ਏਕ ਅਕਾਲ ਪੁਰਖ ਦਾ ਅਰਾਧਣਾ, ਭਾਵ ਏਕੋ ਨਾਮ ਨੂੰ ਮਨ ਬਚ ਕਰਮ ਕਰਿ ਜਪਣਾ ਹੈ। ਨਾਮ ਤੋਂ ਭਿੰਨ ਵਖਰੇ ਕਰਮ, ਖਿਆਲ ਆਦਿਕ ਤੋਂ ਨਹੀਂ। ਸਜਣ ਜੀ ਦੇ ਖਿਆਲ ਵਿਚ ਜੇ ਮਨ ਅਤੇ ਕਰਮ ਹੋਰ ਪਾਸੇ ਲਗੇ ਰਹਿਣ ਤਾਂ ਨਿਰਾ ਜਿਹਵਾ ਦਾ ਜਾਪ ਬਿਰਥਾ ਹੈ। ਏਹ ਇਕ ਨਿਰਮੂਲ ਥੀਊਰੀ ਹੈ। ਗੁਰਮੁਖਾਂ ਦਾ ਜਿਹਬਾ ਦੁਆਰਾ ਜਪਿਆ ਨਾਮ ਦਾ ਜਾਪ ਗੁਰੂ ਦ੍ਰਿੜ੍ਹਾਈ ਜੁਗਤੀ ਅਨੁਸਾਰ, ਜਾਂ ਐਉਂ ਕਹੋ ਕਿ ਗੁਰੂ ਦੁਆਰਾ ਦ੍ਰਿੜ੍ਹ ਹੋਇਆ ਗੁਰਮਤਿ ਨਾਮ ਦਾ ਜਾਪ ਕਦੇ ਬਿਰਥਾ ਜਾ ਨਹੀਂ ਸਕਦਾ। ਆਪਣੀ ਪਾਰਸ ਕਲਾ ਜ਼ਰੂਰ ਵਰਤਾਉਂਦਾ ਹੈ। ਹਾਂ, ਨਾਮ ਦਾ ਰਸ ਆਵਣ ਤਾਈਂ ਪਹਿਲਾਂ ਪਹਿਲਾਂ ਸਿਲ ਅਲੂਣੀ ਚਟਣ ਵਾਲੀ ਨਾਮ ਕਮਾਈ ਵੇਲੇ ਮਨ ਦੌੜ ਦੌੜ ਕੇ ਬਾਹਰ ਨੂੰ ਜ਼ਰੂਰ ਭਜਦਾ ਨਸਦਾ ਅਤੇ ਨਿਕਲ ਨਿਕਲ ਜਾਂਦਾ ਹੈ। ਪਰ ਜਿਉਂ ਜਿਉਂ ਇਸ ਮਨ ਮੈਗਲ ਉਤੇ ਨਾਮ ਦਾ ਅੰਕਸ ਦਮ ਬਦਮ ਵਜਦਾ ਹੈ, ਤ੍ਰਿਉਂ ਤਿਉਂ ਏਹ ਸਨੇ ਸਨੇ ਵਸਗਤਿ ਹੁੰਦਾ ਚਲਿਆ ਆਉਂਦਾ ਹੈ। ਮਨ ਨੂੰ ਮਨ ਦੀ ਸੋਚ ਵਿਚਾਰ ਨਾਲ ਕੋਈ ਵਸਗਤਿ ਨਹੀਂ ਕਰ ਸਕਦਾ। ਅਤੇ ਮਨ ਦੇ ਇਸ ਬਿਧ ਸੋਚ ਵਿਚਾਰੀ ਕਰਮ ਕਿਸੇ ਲੇਖੇ ਭੀ ਨਹੀਂ ਪੈਂਦੇ। ਰਸਨਾ ਕਰਿ ਨਾਮ ਦੀ ਰਟ ਪਈ ਜਾਣ ਕਰਿ ਸਨੇ ਸਨੇ ਮਨ ਔਝੜ ਪੈਣੋਂ ਹੀ ਰਹਿ ਖੜੋਂਦਾ ਹੈ। ਫੇਰ ਨਾਮ ਵਿਚ ਸਹਿਜੇ ਹੀ ਮਨ ਦੀ ਸੁਰਤੀ ਲਗ ਜਾਂਦੀ ਹੈ। ਰਸਨਾ ਅਤੇ ਸੁਰਤੀ ਕਰਿ ਨਾਮ ਜਪਿਆ ਹੋਇਆ ਸ਼ੀਘਰ ਹੀ ਸੁਰਤੀ ਬਿਰਤੀ ਨੂੰ ਨਾਮ ਰਸਾਇਣੀ ਤਾਰ ਵਿਚ ਪਰੋ ਦਿੰਦਾ ਹੈ। ਏਹ ਨਾਮ ਰਸ ਲਿਵਤਾਰ ਨਾਮ ਜਪਣ ਦੀ ਸਹਜ ਕਰੰਮੀ ਅਨਹਤ ਕਾਰ ਹੋ ਜਾਂਦੀ ਹੈ। ਇਸ ਕਰਕੇ ਨਾਮ ਦਾ ਜਿਹਬਾ ਕਰਿ ਜਪਣਾ ਕਦੇ ਭੀ ਆਹਲਾ ਨਹੀਂ ਜਾ ਸਕਦਾ। ਹਾਂ, ਇਹ ਗਲ ਜ਼ਰੂਰੀ ਹੈ ਕਿ ਜਿਨ੍ਹਾਂ ਨੂੰ ਗੁਰੂ ਦੁਆਰਾ ਨਾਮ ਪ੍ਰਾਪਤ ਨਹੀਂ ਹੋਇਆ, ਐਸੇ ਨਿਗੁਰੇ ਨਾਮ ਹੀਣ ਪੁਰਸ਼ਾਂ ਪ੍ਰਥਾਇ ਉਨ੍ਹਾਂ ਦੇ ਦਿਤੇ ਹੋਏ ਗੁਰੂ ਪ੍ਰਮਾਣ ਜ਼ਰੂਰ ਘਟ ਜਾਂਦੇ ਹਨ, ਯਥਾ :

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥ ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥੪॥
[ਸੂਹੀ ਮ: ੪, ੭੩੨

ਨਾਮ ਤਾਂ ਦ੍ਰਿੜ ਨਹੀਂ, ਨਾ ਹੀ ਨਾਮ ਦੀ ਪ੍ਰਾਪਤੀ ਹੈ ਐਵੇਂ ਦੇਖਾ ਦੇਖੀ ਸੁਆਂਗੋ ਸੁਆਂਗੀ ਰੀਸੋ ਰੀਸੀ ਜੋ ਨਾਮ ਜਪਦੇ ਹਨ ਉਹ ਕਪਟ ਕਮਾਂਵਦੇ ਹਨ, ਲੋਕਾਂ ਦੇ ਰੀਝਾਵਨ ਹਿਤ। ਪਰ ਇਸ ਬਿਧ ਕਪਟ ਕੀਤਿਆਂ ਉਹਨਾਂ ਦਾ ਹਿਰਦਾ ਸੁਧ ਨਹੀਂ ਹੁੰਦਾ। ਚਾਹੇ ਲੋਕਾ-ਚਾਰੀ ਕਰਮ ਉਹ ਕਿਤਨੇ ਹੀ ਕਰੀ ਜਾਣ ਉਹਨਾਂ ਨੂੰ ਸੁਫਨੇ ਵਿਚ ਭੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ।

ਦੂਜਾ ਗੁਰ ਪ੍ਰਮਾਣ :

ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ


www.AKJ.Org

ਹਾਰ ਹਰਿ ਸੁਣਾਇ ॥ ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥

[ਸਾਰੰਗ ਮ: ੪, ੧੧੯੯

ਇਹ ਗੁਰਵਾਕ ਭੀ ਏਹੋ ਦਸਦਾ ਹੈ ਕਿ ਜਿਨ੍ਹਾਂ ਦੇ ਹਿਰਦੇ ਅੰਦਰ ਤਾਂ ਕਪਟ ਅਤੇ ਨਿਤ ਕਪਟ ਕਮਾਉਣਾ ਹੀ ਮਿਥਿਆ ਹੋਇਆ ਹੈ, ਅਤੇ ਓਪਰੇ ਲੇਪ ਪੋਚਾ ਪਾ ਕੇ ਲੋਕਾਂ ਨੂੰ ਜੋ ਹਰਿ ਹਰਿ ਕਰਨਾ ਸੁਣਾਉਂਦੇ ਹਨ, ਉਹਨਾਂ ਦੇ ਅੰਦਰਿ ਮਹਾਂ ਲੋਭ ਗੁਬਾਰ ਹੁੰਦਾ ਹੈ, ਤਾਂ ਦਿਖਾਵੇ ਮਾਤਰ ਦੇ ਬੁਲ੍ਹ ਹਿਲਾਉਣ ਤੋਂ ਕੀ ਬਣਦਾ ਹੈ, ਜੋ ਮਹਿਜ਼ ਲੋਕ ਦਿਖਾਵਾ ਹੀ ਹੁੰਦਾ ਹੈ। ਜਿਨ੍ਹਾਂ ਦੇ ਹਿਰਦੇ ਅੰਦਰਿ ਨਾਮ ਜਪਣ ਦੀ ਅਤੇ ਨਾਮੀ ਨੂੰ ਮਿਲਣ ਦੀ ਲਾਲਸਾ ਲਗੀ ਹੋਈ ਹੈ, ਅਤੇ ਜਿਨ੍ਹਾਂ ਨੂੰ ਗੁਰੂ ਦਇਆ ਕਰ ਗੁਰਮਤਿ ਨਾਮ ਦੀ ਜੋਤਿ ਜੁਗਤਣੀ ਦਾਤਿ ਪ੍ਰਾਪਤ ਹੋ ਚੁਕੀ ਹੈ, ਤਿਨ੍ਹਾਂ ਦਾ ਨਾਮ ਜਪਣਾ ਜ਼ਰੂਰ ਥਾਇ ਪੈਂਦਾ ਹੈ। ਤਿਨ੍ਹਾਂ ਦਾ ਨਾਮ ਜਪਣਾ ਕਉਤਕਹਾਰ ਹੈ ਅਤੇ ਸਰਬ ਫਲ ਪਰਦਾਤਾ ਹੈ :

ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥ ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥੧੯੦॥ [ਸ: ਕਬੀਰ ਜੀਉ

ਨਾਮ ਕਹਿਨ ਮਾਂਹਿ ਬਿਬੇਕ ਬਿਚਾਰੁ ਕੀ ਹੈ ? ਗੁਰਮਤਿ ਨਾਮ ਦ੍ਰਿੜ੍ਹੰਮਤੀ ਜੁਗਤਿ ਦਾਤਿ ਹੈ। ਤਿਨ੍ਹਾਂ ਦਾ ਜਿਹਬਾ ਕਰਿ ਨਾਮ ਦਾ ਜਾਪ ਕਦਾਂਚ ਭੀ ਕੁਥਾਂਇ ਨਹੀਂ ਪੈਂਦਾ। ਤਿਨ੍ਹਾਂ ਦੇ ਤਾਂ ਸਗੋਂ ਹਿਰਦਾਂਤਰੀ ਵਸੇ ਹੋਏ ਜਨਮ ਜਨਮਾਂਤਰਾਂ ਦੇ ਲੋਭ ਲਹਿਰ ਆਦਿਕ ਪੰਜੇ ਵਿਕਾਰ ਅਤੇ ਮਲ ਕਪਟ ਰੂਪੀ ਗੁਬਾਰ ਸਭ ਦੂਰ ਹੋ ਜਾਂਦੇ ਹਨ। ਅਤੇ ਤਿਨ੍ਹਾਂ ਦੇ ਹਿਰਦੇ ਸੁਧ ਅਤੇ ਪਾਕ ਪਵਿਤਰ ਹੋ ਜਾਂਦੇ ਹਨ । ਐਸੀ ਹੈ, ਗੁਰਮਤਿ ਨਾਮ ਦੀ ਪਾਰਸ ਕਲਾ। ਇਹ ਪਾਰਸ ਕਲਾ ਸੰਪੰਨ ਗੁਰਮਤਿ ਨਾਮ ਦ੍ਰਿੜ੍ਹੰਮਤੀ ਦਾਤਿ ਜੁਗਤਿ ਹੀ ਸਰਬ ਧਿਆਨਾਂ ਸਿਰ ਧਿਆਨ ਜੁਗਤੀ ਹੈ।

ਸੱਜਨ ਜੀ ਨੇ ਕੁਝ ਪ੍ਰਸ਼ਨ ਤੇ ਉਨ੍ਹਾਂ ਦੇ ਉਤਰ ਲਿਖੇ ਹਨ ਜਿਵੇਂ : "ਜਾਪ ਜਾ ਸਿਮਰਨ ਵੇਲੇ ਧਿਆਨ ਕਾਹਦਾ ਧਰੀਏ ?" ਇਸ ਪ੍ਰਸ਼ਨ ਦਾ ਉਤਰ ਆਪ ਇਸ ਪ੍ਰਕਾਰ ਦਿੰਦੇ ਹਨ : "ਸਿਮਰਨ ਵਿਚ ਤੇ ਅਰਥ ਪਰ ਮਨ ਨੂੰ ਟਿਕਾਣਾ ਪੈਂਦਾ ਹੈ, ਬਿਨਾਂ ਕਿਸੇ ਰੂਪ ਦੀ ਸਹਾਇਤਾ ਦੇ।" ਪਰ ਆਪ ਨੇ ਏਹ ਨਹੀਂ ਦਸਿਆ ਕਿ ਅਰਥ ਕਾਹਦਾ। ਸਿਮਰਨ ਵਾਲੇ ਸ਼ਬਦ ਦਾ ਯਾ ਧਿਆਨ ਕਰੀਏ ਧੇਯ ਦਾ ? ਪਰ ਨਾਲ ਲਗਦਾ ਹੀ ਇਉਂ ਲਿਖਦੇ ਹਨ ਕਿ 'ਮਨ ਨੂੰ ਇਕਾਗਰ ਕਰਨ ਲਈ ਬਾਣੀ ਦਾ ਪਾਠ, ਜਿਹਦੇ ਵਿਚਿ ਇਕੋ ਭਾਵ ਘੜੀ ਮੁੜੀ ਵਰਨਣ ਕੀਤਾ ਗਿਆ ਹੈ, ਸਹਾਇਤਾ ਕਰਦਾ ਹੈ। ਅਤੇ ਕੀਰਤਨ ਵਿਚ ਅਮੋਲਕ ਚੀਜ਼ ਰਾਗ ਹੈ। ਰਾਗ ਦਾ ਅਸਰ ਮਾਨੁਖੀ ਮਨ ਤੇ ਬਹੁਤ ਹੈ। ਇਹਦੇ ਵਿਚ ਮਨ ਨੂੰ ਆਪਣੇ ਵਲ ਖਿਚ ਲੈਣ ਦੀ ਸ਼ਕਤੀ ਹੈ। ਇਸ ਲਈ ਬਾਣੀ ਦਾ ਪਾਠ ਤੇ ਕੀਰਤਨ, ਸਿਮਰਨ ਦੇ ਰਾਹ ਵਿਚ ਧਾਰਨਾ ਤੇ ਧਿਆਨ ਦਾ ਕੰਮ ਦੇਂਦੇ ਹਨ।' ਇਹ ਹੈ ਆਪ ਦੀ ਸਿਮਰਨ ਸਮੇਂ ਧਿਆਨ ਦੀ ਜੁਗਤਿ ਵਿਆਖਿਆ।

ਇਹ ਉਨ੍ਹਾਂ ਦੀ ਆਪਣੀ ਮਨ ਉਕਤਿ ਧਿਆਨ ਜੁਗਤਿ ਵਿਆਖਿਆ ਹੈ। ਕੁਝ ਯੋਗ ਦੀ ਸੁਣੀ ਸੁਣਾਈ ਅਤੇ ਤਿਸੇ ਯੋਗ ਕਸੌਟੀ ਅਨੁਸਾਰ ਗੁਰਮਤਿ ਸਿਮਰਨ ਦੀ ਧਿਆਨ ਯੁਕਤੀ ਉਪਰ ਘਟਾਈ ਵਿੰਗੀ ਟੇਢੀ ਵਿਆਖਿਆ ਹੈ।

['ਗੁਰਮਤਿ ਰਮਜ਼ਾਂ' ਵਿਚੋਂ ਧੰਨਵਾਦ ਸਹਿਤ

---

## ਪੋਥੀ ਪਰਮੇਸਰ ਕਾ ਥਾਨੁ—

ਗੁਰਬਾਣੀ ਸਾਡਾ ਇਸ਼ਟ ਹੈ, ਸਾਡਾ ਸਤਿਗੁਰੂ ਹੈ, ਪਰਮ ਸਤਿਕਾਰ ਯੋਗ ਹੈ, ਪੂਜਣ ਯੋਗ ਹੈ। ਹਰੇਕ ਗੁਰਸਿਖ ਦਾ ਪਰਮ ਫ਼ਰਜ਼ ਹੈ ਕਿ ਉਹ ਗੁਰਬਾਣੀ ਦਾ ਹਰ ਰੂਪ ਵਿਚ ਪੂਰਨ ਸਤਿਕਾਰ ਕਰੇ। ਗੁਰਬਾਣੀ ਦੀਆਂ ਪੋਥੀਆਂ ਨੂੰ ਸੰਗਤ ਵਿਚ ਇਕ ਦੂਜੇ ਦੇ ਪਿਛੇ ਲੈ ਕੇ ਬਹਿਣਾ, ਗੋਡਿਆਂ ਉਤੇ ਰਖਣਾ, ਪਜਾਮਿਆਂ ਅਤੇ ਮੈਲਿਆਂ ਕਪੜਿਆਂ ਉਤੇ ਰਖ ਕੇ ਪੜ੍ਹਨਾ ਗੁਰਬਾਣੀ ਦਾ ਅਪਮਾਨ ਹੈ, ਨਿਰਾਦਰ ਹੈ। ਪੋਥੀਆਂ ਇਸ ਵਾਸਤੇ ਹੁੰਦੀਆਂ ਹਨ ਕਿ ਅਸੀਂ ਇਨ੍ਹਾਂ ਦੀ ਸਹਾਇਤਾ ਨਾਲ ਸ਼ਬਦ ਕੰਠ ਕਰੀਏ। ਗੁਰੂ ਕੇ ਕੀਰਤਨੀਆਂ ਨੂੰ ਪੋਥੀਆਂ ਦਾ ਆਸਰਾ ਘਟ ਤੋਂ ਘਟ ਲੈਣਾ ਬਣਦਾ ਹੈ। ਆਸਾ ਦੀ ਵਾਰ ਛਕਿਆਂ ਸਮੇਤ ਹਰੇਕ ਨੂੰ ਪੂਰਨ ਤੌਰ ਤੇ ਸ਼ੁਧ ਕੰਠ ਹੋਣੀ ਲਾਜ਼ਮੀ ਹੈ। ਆਸ ਹੈ ਕਿ ਗੁਰਸਿਖ ਸੰਗਤਾਂ ਸਾਡੀਆਂ ਇਨ੍ਹਾਂ ਬੇਨਤੀਆਂ ਵਲ ਉਚੇਚਾ ਧਿਆਨ ਦੇਣਗੀਆਂ।

www.AKJ.Org

# ਮਰਨ ਸਮੇਂ ਜਮਾਂ ਦੀ ਝਾਕੀ

[ਵਲੋਂ:—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਕਾਲ ਰੂਪੀ ਫਾਸੀ, ਮਰਨ ਕਾਲ ਰੂਪੀ ਤ੍ਰਾਸ ਤਾਂ ਨਾਮ ਜਪਣਹਾਰਿਆਂ ਦਾ ਐਥੇ ਜੀਉਂਦੇ ਜੀਅ ਹੀ ਕਟਿਆ ਜਾਂਦਾ ਹੈ। ਉਹ ਸੁਖਾਲੇ ਸੁਆਸੀਂ ਨਾਮ ਜਪਦੇ ਹੋਏ ਹੀ ਚਲਾਣਾ ਕਰਦੇ ਹਨ। ਜਿਨ੍ਹਾਂ ਨੂੰ ਮਰਨ ਸਮੇਂ ਕਾਲ-ਫਾਸ ਨੇ ਨਹੀਂ ਸਤਾਇਆ ਓਹਨਾਂ ਨੂੰ ਅਗੇ ਜਾ ਕੇ ਜਮ-ਫਾਸ ਨੇ ਕੀ ਸਤਾਉਣਾ ਹੈ? ਅਰਥਾਤ ਉਕਾ ਹੀ ਨਹੀਂ ਸਤਾ ਸਕਦਾ। ਮਰਨ ਕਾਲ ਦੇ ਤ੍ਰਾਸ ਸਮੇਂ ਭੀ ਬਹੁਤਾ ਜਮਾਂ ਦਾ ਤ੍ਰਾਸ ਹੀ ਹੁੰਦਾ ਹੈ। ਕਈ ਬੁਰਿਆਰ ਪਾਪਿਸਟ-ਕਰਮੀਆਂ ਨੂੰ ਮਰਨ ਸਮੇਂ ਹੀ ਜਮ ਆ ਕੇ ਡਰਾਉਣ ਲੱਗ ਜਾਂਦੇ ਹਨ, ਜਿਨ੍ਹਾਂ ਨੂੰ ਦੇਖ ਕੇ ਉਹ ਕੰਪਾਇਮਾਨ ਹੁੰਦੇ ਹਨ ਅਤੇ ਦੁਹਾਈਆਂ ਦਿੰਦੇ ਹਨ। ਇਸ ਪ੍ਰਕਾਰ ਦੁਹਾਈਆਂ ਦਿੰਦੇ ਹਨ ਅਤੇ ਜਮਾਂ ਨੂੰ ਦੇਖ ਕੇ ਥਰ ਥਰ ਕੰਬਦੇ ਅਸੀਂ ਭੀ ਕੁਝ ਪ੍ਰਾਣੀ ਦੇਖੇ ਹਨ। ਇਕ ਦੋ ਉਦਾਹਰਨ ਅਖੀਂ ਦੇਖੇ ਲਿਖਣੇ ਦਿਲਚਸਪੀ ਤੋਂ ਖ਼ਾਲੀ ਨਹੀਂ ਹੋਣਗੇ। ਦਿਲਚਸਪੀ ਇਸ ਕਰਕੇ ਆਖੀ ਹੈ ਕਿ ਇਹ ਉਦਾਹਰਨ ਸਿਖਿਆਦਾਇਕ ਹਨ।

(੧)

ਇਸ ਦਾਸਰੇ ਦਾ ਇਕ ਤਾਏ-ਜਾਇਆ ਭਾਈ ਟੇਕ ਸਿੰਘ ਨਾਮ ਦਾ ਸੀ, ਜੋ ਸਾਰੀ ਉਮਰ ਕੁਸੰਗੀਆਂ ਦੀ ਕੁਸੰਗਤ ਵਿਚ ਫਸ ਕੇ ਸ਼ਰਾਬੀ ਕਬਾਬੀ ਬਣਿਆ ਰਹਿਆ ਅਤੇ ਹੋਰਤ ਖ਼ਰਾਬੀਆਂ ਵਿਚ ਖੀਨ ਖਰਾਬ ਹੁੰਦਾ ਰਿਹਾ। ਓੜਕ ਭਰੀ ਜਵਾਨੀ ਵਿਚ ਹੀ ਉਸਨੂੰ ਤਪਦਿਕ ਦੀ ਨਾਮੁਰਾਦ ਬਿਮਾਰੀ ਨੇ ਗ੍ਰਸ ਲਿਆ। ਤੇ ਐਸਾ ਗ੍ਰਸਿਆ ਕਿ ਉਹ ਸਾਹਾਂ ਤੇ ਆ ਪਿਆ। ਅੰਤੀ ਸਮੇਂ ਉਹ ਬੜਾ ਹੀ ਦੁਖੀ ਹੋਇਆ ਅਤੇ ਉਚੀ ਉਚੀ ਦੁਹਾਈਆਂ ਦੇਣ ਲਗਾ। ਉਪਰ ਨੂੰ ਬਨੇਰਿਆਂ ਵਲ ਇਸ਼ਾਰੇ ਕਰ ਕੇ ਦਸੇ ਕਿ ਉਹ ਜਮ ਦੰਦ ਕਢ ਕੇ ਡਰਾਉਂਦੇ ਹਨ, ਖਾਣ ਨੂੰ ਆਉਂਦੇ ਹਨ। ਇਹ ਦੇਖ ਕੇ ਕੰਬਣੀ ਆਉਂਦੀ ਹੈ। ਅਤੇ ਜਾਨ ਅਜ਼ਾਬਾਂ ਵਿਚ ਫਸੀ ਹੋਈ ਹੈ।

ਦਾਸ ਨੇ ਓਹਨੀਂ ਦਿਨੀਂ ਸਜਰਾ ਹੀ ਅੰਮ੍ਰਿਤ ਛਕਿਆ ਸੀ ਅਤੇ ਪਰਮਾਰਥ ਦੀ ਸੁਹਾਗ-ਪਰਾਪਤੀ ਚਾਉ ਵਿਚ ਅਹਿਨਿਸ ਨਾਮ ਜਪਦਾ ਹੋਇਆ ਨਾਲ ਦੀ ਨਾਲ ਸੁਖਮਨੀ ਸਾਹਿਬ ਦੇ ਅਖੰਡ ਪਾਠ ਭੀ ਜਿਤਨੇ ਹੋ ਸਕਣ, ਕਰਦਾ ਰਹਿੰਦਾ ਸੀ। ਤੁਰਦਾ ਫਿਰਦਾ ਬਹਿੰਦਾ ਉਠਦਾ ਨਾਮ ਅਭਿਆਸ ਕਰਦਾ ਹੋਇਆ ਇਕ ਸੁਖਮਨੀ ਸਾਹਿਬ ਦਾ ਪਾਠ ਜਾਰੀ ਹੀ ਰਖਦਾ ਸੀ। ਇਸੇ ਦਸ਼ਾ ਵਿਚ ਪਾਠ-ਅਭਿਆਸ ਕਰਦੇ ਨੂੰ ਮੇਰੀ ਮਾਈ ਨੇ ਮੈਨੂੰ ਆ ਕੇ ਦਸਿਆ ਕਿ ਟੇਕ ਸਿੰਘ ਦੀ ਹਾਲਤ ਬੜੀ ਖ਼ਰਾਬ ਹੈ। ਉਹ ਦੁਹਾਈਆਂ ਦਿੰਦਾ ਹੈ, ਨਾਲੇ ਉਸ ਦਾ ਸਾਰਾ ਸਰੀਰ ਕੰਬਦਾ ਹੈ। ਅਜੀਬ ਗੱਲ ਇਕ ਇਹ ਹੈ ਕਿ ਉਹ ਸੈਨਤਾਂ ਕਰ ਕਰ ਦਸਦਾ ਹੈ ਕਿ ਜਮਦੂਤ ਖੜੇ ਡਰਾਉਂਦੇ ਹਨ। ਤੂੰ ਕਾਕਾ! ਜ਼ਰਾ ਉਸ ਦੀ ਹਾਲਤ ਆ ਕੇ ਦੇਖ ਤਾਂ ਸਹੀ।

ਆਪਣੀ ਮਾਤਾ ਜੀ ਦੀ ਆਗਿਆ ਮੰਨ ਕੇ ਦਾਸ ਉਸ ਪਾਸ ਗਿਆ। ਜਦੋਂ ਮੈਂ ਉਸ ਦੇ ਕਮਰੇ ਵਿਚ ਵੜਿਆ ਹੀ ਤਾਂ ਉਸ ਦੇ ਮੂੰਹੋਂ ਆਪ-ਮੁਹਾਰੇ ਇਹ ਅਵਾਜ਼ ਨਿਕਲੀ, "ਆਹ! ਬਈ ਠੰਢ ਪੈ ਗਈ। ਆ ਜਾ, ਮੇਰੇ ਕੋਲ ਬਹਿ ਜਾ। ਤੇਰੇ ਆਉਣ ਤੇ ਜੋ ਜਮਦੂਤ ਮੈਨੂੰ ਡਰਾਉਂਦੇ ਸਨ, ਤਾਬੜ-ਤੋੜ ਹੀ ਭਜ ਨੱਸ ਗਏ। ਹੁਣ ਮੇਰੇ ਕੋਲ ਬੈਠਾ ਰਹੁ, ਕਿਸੇ ਪਾਸੇ ਨਾ ਜਾਈਂ।" ਸਚਮੁਚ ਉਸਦੇ ਪਾਸ ਬੈਠੇ ਹੋਏ ਸਾਰੇ ਦੇਖ ਕੇ ਹੈਰਾਨ ਸਨ ਕਿ ਇਕ-ਦਮ ਇਹ ਦੁਹਾਈਆਂ ਦੇਣੋਂ ਕਿਵੇਂ ਹਟ ਗਿਆ ਅਤੇ ਇਸ ਦੀ ਕੰਬਣੀ ਭੀ ਹਟ ਗਈ।

ਮੈਂ ਇਹ ਦੇਖ ਕੇ ਅੰਦਰ ਹੀ ਅੰਦਰ ਸਤਿਗੁਰੂ ਦੇ ਸਿਦਕ ਵਿਚ ਭਰਪੂਰ ਲੀਣਾ ਹੋ ਕੇ ਆਨੰਦਤ ਹੋ ਰਿਹਾ ਸੀ ਅਤੇ ਸਤਿਗੁਰੂ ਅਗੇ ਗੁਪਤ ਅਰਦਾਸ ਕਰ ਰਿਹਾ ਸੀ ਕਿ ਹੇ ਸਚੇ ਪਾਤਸ਼ਾਹ, ਇਹ ਸਭ ਤੇਰੀ ਬਾਣੀ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਹੀ ਵਡਿਆਈ ਹੈ, ਜਿਸ ਕਾਰਨ ਇਹ ਕਉਤਕ ਵਰਤਿਆ ਹੈ,



www.AKJ.org
www.AKJ.Org

ਵਰਨਾ ਮੈਂ ਨੀਚ ਦੇ ਆਉਣ ਤੇ ਇਹ ਘਟਨਾ ਕਿਵੇਂ ਵਰਤ ਸਕਦੀ ਸੀ। ਮੇਰਾ ਸਿਦਕ-ਭਰੋਸਾ ਗੁਰਬਾਣੀ ਦੀ ਪਾਰਸ-ਕਲਾ ਉਤੇ, ਤੇ ਵਿਸ਼ੇਸ ਕਰਕੇ ਸ੍ਰੀ ਸੁਖਮਨੀ ਸਾਹਿਬ ਦੀ ਪਾਰਸ-ਰਸਾਇਣੀ ਬਰਕਤ ਉਤੇ ਅਗੇ ਨਾਲੋਂ ਵੀ ਦਹਿਦੂਣਾ ਹੋ ਗਿਆ ਅਤੇ ਪੱਕਾ ਨਿਸਚਾ ਹੋ ਗਿਆ ਕਿ ਇਹ ਗੁਰਬਾਣੀ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਹੀ ਬਰਕਤ ਹੈ, ਜਿਸ ਕਰਕੇ ਜਮ ਡਰ ਕੇ ਭਜ ਗਏ ਹਨ।

ਮੈਂ ਜਿਤਨਾ ਚਿਰ ਉਸ ਦੇ ਸਿਰਹਾਣੇ ਬੈਠਾ, ਆਸ ਪਾਸ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਦਾ ਰਿਹਾ ਉਹ ਮੇਰਾ ਤਾਏ-ਜਾਇਆ ਭਾਈ) ਸ਼ਾਂਤ ਅਤੇ ਸੁਖੀ ਹੋ ਕੇ ਪਿਆ ਰਿਹਾ। ਮੇਰੀ ਬਾਂਹ ਨਾ ਛਡੇ ਅਤੇ ਮੈਨੂੰ ਆਪਣੇ ਪਾਸੋਂ ਪਰੇ ਨਾ ਜਾਣ ਦੇਵੇ।

ਕੋਈ ਆਥਣ ਜਿਹੇ ਦਾ ਸਮਾਂ ਸੀ, ਦਾਸ ਨੇ ਆਪਣੇਂ ਬੁੰਗੇ ਤੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਖ-ਆਸਨ ਕਰਨਾ ਸੀ, ਜਿਸ ਕਰਕੇ ਮਜਬੂਰ ਹੋ ਕੇ ਮੈਨੂੰ ਓਥੋਂ ਆਉਣਾ ਪਿਆ। ਮੇਰੇ ਉਠ ਕੇ ਉਸ ਦੇ ਕਮਰੇ ਚੋਂ ਬਾਹਰ ਨਿਕਲਣ ਦੀ ਦੇਰ ਸੀ ਕਿ ਉਹ ਫਿਰ ਓਵੇਂ ਹੀ ਦੁਹਾਈਆਂ ਦੇਣ ਲਗ ਪਿਆ। ਮੈਂ ਤੁਰਤ ਫੁਰੰਤੀ ਫੇਰ ਆ ਗਿਆ ਅਤੇ ਆਪਣੀ ਭੈਣ ਅਤੇ ਉਸ ਦੀਆਂ ਭੈਣਾਂ ਦੇ ਹਥੀਂ ਗੁਟਕੇ ਫੜਾ ਕੇ ਉਹਨਾਂ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰੀ ਜਾਣੇ ਲਈ ਪ੍ਰੇਰਿਆ। ਉਹ ਪਾਠ ਕਰਨ ਲਗ ਪਈਆਂ ਤੇ ਮੈਂ ਚਲਾ ਗਿਆ। ਫੇਰ ਉਹ ਖਾਸਾ ਸੁਖੀ ਰਿਹਾ।

ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਜਾ ਕੇ ਉਸ ਦੀ ਨਮਿਤ ਅਰਦਾਸ ਕੀਤੀ ਕਿ ਇਸ ਦਾ ਮਰਨ ਕਾਲ ਦਾ ਤ੍ਰਾਸ ਨਿਵਾਰਿਆ ਜਾਵੇ। ਅਰਦਾਸ ਕਰ ਕੇ ਗੁਰੂ ਸਾਹਿਬ ਦਾ ਵਾਕ ਲਿਆ। ਗੁਰਵਾਕ ਚਾਹੇ ਸੁਖਾਸਨ ਦਾ ਸੀ, ਪਰ ਅਰਦਾਸ ਦੀ ਪਰਵਾਨਗੀ ਦਾ ਵਾਕ ਹੀ ਨਿਕਲਿਆ, ਜਿਸ ਵਿਚ ਉਸਦੇ ਪਿਛਲੇ ਕੀਤੇ ਕਰਮਾਂ ਦਾ ਹੂਬਹੂ ਨਕਸ਼ਾ ਚਿਤਰਿਆ ਹੋਇਆ ਸੀ। ਓੜਕ ਗੁਰ-ਵਾਕ ਤੇ ਹੋਰ ਭੀ ਨਿਸਚਤ ਹੋ ਗਿਆ ਕਿ ਉਸ ਨੇ ਚਲਾਣਾ ਤਾਂ ਜ਼ਰੂਰ ਕਰ ਜਾਣਾ ਹੈ, ਪਰ ਹੁਣ ਅੰਤੀ ਅਉਸਰ ਉਸ ਨੂੰ ਗੁਰਬਾਣੀ ਦੇ ਪਾਠ ਸੁਣਾਉਣ ਦੀ ਅਤੀ ਲੋੜ ਹੈ, ਜਿਸ ਕਰਕੇ ਸੁਖਾਲੇ ਸੁਆਸੀਂ ਉਸ ਦਾ ਚਲਾਣਾ ਹੋ ਜਾਵੇ।

ਮੁਕਦੀ ਗੱਲ ਇਹ ਕਿ ਫੇਰ ਉਸ ਦੇ ਨਿਕਟ ਗੁਰਬਾਣੀ ਦਾ ਪਾਠ ਜਾਰੀ ਹੀ ਰਖਿਆ ਗਿਆ। ਅੰਤੀ ਅਉਸਰ ਤੇ ਸਾਰਿਆਂ ਸਬੰਧੀਆਂ ਨੂੰ, ਜੋ ਉਸ ਦੇ ਉਦਾਲੇ ਬੈਠੇ ਸਨ, ਸ੍ਰੀ ਜਪੁਜੀ ਸਾਹਿਬ ਦੇ ਪੰਜ ਪੰਜ ਪਾਠ ਕਰਨ ਨੂੰ ਕਿਹਾ। ਸਭ ਨੇ ਕੀਤੇ। ਜਿਨ੍ਹਾਂ ਦੇ ਜਪੁਜੀ ਸਾਹਿਬ ਦਾ ਪਾਠ ਕੰਠਾਗਰ ਸੀ, ਉਨ੍ਹਾਂ ਨੇ ਕੰਠ ਤੋਂ ਪਾਠ ਕੀਤੇ, ਬਾਕੀ ਦਿਆਂ ਨੇ ਗੁਟਕੇ ਤੋਂ ਕੀਤੇ। ਪੰਜਵੇਂ ਪਾਠ ਦੀ ਸਮਾਪਤੀ ਤੇ ਉਸ ਦੇ ਸੁਆਸ ਸਾਡੇ ਦੇਖਦਿਆਂ ਸੁਖਾਲੇ ਹੀ ਨਿਕਲ ਗਏ। ਉਸ ਦਾ ਘੋਰੜੂ ਬਜਣੋਂ ਤਾਂ ਉਦੋਂ ਹੀ ਹਟ ਗਿਆ ਸੀ ਜਦੋਂ ਤੋਂ ਪਾਠ ਹੋਣੇ ਆਰੰਭ ਹੋਏ ਸਨ। ਅਖੀਆਂ ਤੋਂ ਨੀਰ ਜਾਣਾ ਭੀ ਹਟ ਗਿਆ ਸੀ। ਉਸਦੀਆਂ ਭੈਣਾਂ ਨੇ ਪੁਛਿਆ, ਹੁਣ ਜਮ ਤਾਂ ਨਹੀਂ ਡਰਾਉਂਦੇ। ਉਸ ਨੇ ਸਿਰ ਹਿਲਾ ਕੇ ਅਤੇ ਬੜੇ ਸੁਖੀ ਹੋ ਕੇ ਦਸਿਆ ਕਿ ਨਹੀਂ। ਇਹ ਅਖੀਂ ਦੇਖੀਂ ਇਕ ਵਾਰਤਾ ਹੈ।

ਅਸੀਂ ਤਾਂ ਕਿਸੇ ਨੇ ਉਸ ਸਮੇਂ ਜਮ ਆਉਂਦੇ ਜਾਂਦੇ ਨਹੀਂ ਦੇਖੇ, ਨਾ ਹੀ ਸਾਨੂੰ ਕੋਈ ਦੇਖਣ ਦਾ ਚਾਉ ਸੀ। ਅਨਰਾਉ ਤਾਂ ਇਹ ਸੀ ਕਿ ਬਿਚਾਰੇ ਜਮ-ਗ੍ਰਸਤ ਦਾ ਨਿਸਤਾਰਾ ਜਮਾਂ ਦੇ ਤ੍ਰਾਸ ਤੋਂ ਹੋ ਜਾਏ। ਪਰਤਖ ਦੇਖ ਲਿਆ, ਜੋ ਉਸ ਦੀ ਦਸ਼ਾ ਆਪਣੀ ਪਰਤਖ ਗਵਾਹੀ ਦੇ ਰਹੀ ਸੀ। ਨਾਲੇ ਇਹ ਜਮਦੂਤ ਮਰਨਹੌਰੇ ਪ੍ਰਾਣੀ ਨੂੰ ਹੀ ਨਜ਼ਰ ਆਉਂਦੇ ਹਨ, ਹੋਰ ਕਿਸੇ ਨੂੰ ਨਹੀਂ ਦਿਸਦੇ। ਜਾਂ ਉਹਨਾਂ ਚੇਟਕੀਆਂ ਨੂੰ ਦਿਸਦੇ ਹਨ ਜਿਨ੍ਹਾਂ ਨੂੰ ਭੂਤ ਪ੍ਰੇਤ ਦੇ ਇਲਮ ਦਾ ਚੇਟਕ ਲਗਾ ਹੁੰਦਾ ਹੈ। ਸਾਨੂੰ ਤਾਂ ਇਹ ਪੱਕਾ ਸਬਕ ਹਾਸਲ ਹੋਇਆ ਕਿ **ਗੁਰਬਾਣੀ ਦਾ ਪਾਠ ਸੁਣਦਿਆਂ ਕਰਦਿਆਂ ਦੇ ਨਿਕਟ ਜ਼ਮਦੂਤ ਨਹੀਂ ਆਉਂਦੇ, ਸਗੋਂ ਦੇਖ ਕੇ ਦੂਰੋਂ ਹੀ ਭਜ ਜਾਂਦੇ ਹਨ।** ਸਚਮੁਚ ਗੁਰ ਕੇ ਬਚਨ, ਗੁਰਬਾਣੀ ਰੂਪੀ ਬਚਨ ਜਮ-ਫਾਸ ਕਟਣ ਲਈ ਸਮਰੱਥ ਹਨ। ਵਾਹੁ ਵਾਹੁ ! ਕਿਆ ਸੁੰਦਰ ਤੇ ਢੁਕਵਾਂ ਗੁਰਵਾਕ ਹੈ—



www.AKJ.Org

ਗੁਰ ਕਾ ਬਚਨੁ ਸਦਾ ਅਬਿਨਾਸੀ ॥
ਗੁਰ ਕੇ ਬਚਨਿ ਕਟੀ ਜਮ ਫਾਸੀ ॥
[ਗਉੜੀ ਗੁਆਰੇਰੀ ਮ: ੫, ੧੭੭

(੨)

ਜਮ-ਤ੍ਰਾਸ ਅਖੀਂ ਦੇਖੇ ਦੀ ਦੂਜੀ ਉਦਾਹਰਨ ਇਉਂ ਹੈ ਕਿ ਜਦੋਂ ਅਸੀਂ ਹਜ਼ਾਰੀ ਬਾਗ ਜੇਲ੍ਹ ਵਿਚ ਆਪਣੀ ਜੇਲ੍ਹ-ਯਾਤਰਾ ਬਿਤੀਤ ਕਰ ਰਹੇ ਸਾਂ, ਅਸਾਡੇ ਨਾਲ ਦੇ ਚਾਲੀ ਜੇਲ੍ਹ-ਯਾਤਰੂਆਂ ਸਿਖ ਸੱਜਣਾਂ ਵਿਚੋਂ ਕੇਹਰ ਸਿੰਘ ਨਾਮੀ ਸਜਣ ਭੀ ਸੀ, ਜੋ ਲੁਧਿਆਣੇ ਦੇ ਜ਼ਿਲੇ ਵਿਚੋਂ ਪਿੰਡ ਸਾਹਨੇਵਾਲ ਦੇ ਰਹਿਣ ਵਾਲਾ ਸੀ। ਇਹ ਕੇਹਰ ਸਿੰਘ ਸਿਖਾਂ ਦੇ ਘਰਾਣੇ ਵਿਚ ਜ਼ਿਮੀਦਾਰਾਂ ਦੇ ਘਰ ਜਨਮਿਆ ਸੀ। ਪਰ ਆਰੀਆ ਸਕੂਲ ਲੁਧਿਆਣੇ ਵਿਚ ਤਾਲੀਮ ਪਾਉਂਦੇ ਰਹਿਣ ਕਰਕੇ ਇਸ ਨੂੰ ਐਸਾ ਕੁਸੰਗ ਬਿਆਪ ਗਿਆ ਸੀ ਕਿ ਇਸ ਨੇ ਆਪਣੇ ਕੇਸ ਕਟਾ ਲਏ ਸਨ ਅਰ ਸਾਰੇ ਸੰਸਕਾਰ ਇਸ ਦੇ ਨਿਰੇ ਸਾਕਤਾਂ ਵਾਲੇ ਹੀ ਸਨ। ਮੁਕੱਦਮਾ ਸਾਜ਼ਸ਼ ਲਾਹੌਰ ਦੇ ਪਹਿਲੇ ਕੇਸ ਵਿਚ ਇਹ ਭਗੌੜਾ ਹੋ ਗਿਆ ਸੀ, ਪਿਛੋਂ ਫੜਿਆ ਗਿਆ ਸੀ। ਅਤੇ ਤੀਜੇ ਕੇਸ ਵਿਚ ਉਮਰ-ਕੈਦ ਹੋ ਕੇ ਅਸਾਡੇ ਪਾਸ ਹਜ਼ਾਰੀ ਬਾਗ ਜੇਲ੍ਹ ਵਿਚ ਹੀ ਆ ਗਿਆ ਸੀ, ਪਰ ਇਸ ਨੂੰ ਹੰਜੀਰਾਂ ਦੀ ਛੂਤ-ਬੀਮਾਰੀ ਹੋਣ ਕਰਕੇ ਜੇਲ੍ਹ ਅੰਦਰਲੇ ਹਸਪਤਾਲ ਵਿਚ ਹੀ ਵਖਰਾ ਰਖਦੇ ਸਨ। ਉਂਜ ਅਸੀਂ ਭੀ ਸਾਰੇ ਵਖੋ ਵਖਰੀਆਂ ਕੋਠੜੀਆਂ ਵਿਚ ਤਾੜੇ ਹੋਏ ਸਾਂ, ਪਰ ਕੇਹਰ ਸਿੰਘ ਅਸਾਥੇ ਘਣੀ ਦੂਰ ਹਸਪਤਾਲ ਦੇ ਵਾਰਡ ਵਿਚ ਬੰਦ ਸੀ, ਜਿਸ ਦੇ ਨੇੜੇ ਕਿਸੇ ਨੂੰ ਨਹੀਂ ਸਨ ਢੁਕਣ ਦਿੰਦੇ।

ਉਥੇ ਆ ਕੇ ਇਹ ਮਹੀਨਿਆਂ ਬਧੀ ਸਖ਼ਤ ਬਿਮਾਰ ਪਿਆ ਰਿਹਾ ਤੇ ਛੇ ਮਹੀਨੇ ਤਾਂ ਬੜਾ ਹੀ ਔਖਾ ਰਿਹਾ। ਇਸਦੇ ਸਬੰਧੀਆਂ ਰਿਸ਼ਤੇਦਾਰਾਂ ਵਿਚੋਂ ਕੋਈ ਇਸ ਦੀ ਮੁਲਾਕਾਤ ਨੂੰ ਭੀ ਨਾ ਆਇਆ। ਜਦੋਂ ਇਸਦੀ ਹਾਲਤ ਜੇਲ੍ਹ ਵਾਲਿਆਂ ਨੇ ਬੜੀ ਨਾਜ਼ਕ ਵੇਖੀ ਅਤੇ ਉਹਨਾਂ ਨੂੰ ਪਰਤੀਤ ਹੋ ਗਿਆ ਕਿ ਇਹ ਹੁਣ ਚਲਾਣਿਆਂ ਉਤੇ ਪਿਆ ਹੈ ਤਾਂ ਉਹਨਾਂ ਨੇ ਕੇਹਰ ਸਿੰਘ ਨੂੰ ਪੁਛਿਆ ਕਿ ਦਸੋ ਜਿਸ ਨਾਲ ਮੁਲਾਕਾਤ ਕਰਨੀ ਹੈ ਉਸ ਨੂੰ ਬੁਲਾ ਲਈਏ। ਤਾਂ ਉਸ ਨੇ ਅਖੀਆਂ ਵਿਚ ਨੀਰ ਭਰ ਕੇ ਉਤਰ ਦਿਤਾ, "ਮੇਰਾ ਇਸ ਜਗਤ ਵਿਚ ਕੌਣ ਹੈ, ਅਰਥਾਤ ਕੋਈ ਨਹੀਂ।"

ਓੜਕ ਬਾਰੰਬਾਰ ਪੁਛਣ ਤੇ ਜ਼ੋਰ ਦੇਣ ਤੇ ਕੇਹਰ ਸਿੰਘ ਨੇ ਆਖਿਆ, "ਬਚਨ ਦੇਵੋ ਤਾਂ ਮੈਂ ਦਸ ਦਿੰਦਾ ਹਾਂ। ਜਿਸ ਨਾਲ ਮੈਂ ਮੁਲਾਕਾਤ ਕਰਨੀ ਚਾਹੁੰਦਾ ਹਾਂ ਉਸ ਨੂੰ ਜ਼ਰੂਰ ਮਿਲਾ ਦਿਓਗੇ ਤਾਂ ਮੈਂ ਦਸਦਾ ਹਾਂ, ਨਹੀਂ ਤਾਂ ਨਾ ਸਹੀ।" ਗੋਰੇ ਸੁਪ੍ਰੰਟੈਂਡੈਂਟ ਜੇਲ੍ਹ ਨੇ, ਜੋ ਮੈਡੀਕਲ ਆਫ਼ੀਸਰ ਹੋਣ ਦੀ ਹੈਸੀਅਤ ਵਿਚ ਉਸਦਾ ਇਲਾਜ ਭੀ ਬੜੇ ਗਹੁ ਨਾਲ ਕਰਦਾ ਸੀ, ਉਸ ਨੇ ਬਚਨ ਦੇ ਦਿਤਾ ਕਿ ਦਸੋ ਕਿਸ ਨਾਲ ਮੁਲਾਕਾਤ ਕਰਨੀ ਚਾਹੁੰਦੇ ਹੋ, ਮੈਂ ਕਰਾ ਦੇਵਾਂਗਾ। ਤਿਸ ਪਰ ਕੇਹਰ ਸਿੰਘ ਨੇ ਮੰਗ ਕੀਤੀ ਕਿ ਮੇਰੇ ਸਾਥੀ ਪੁਲੀਟੀਕਲ ਕੈਦੀਆਂ ਵਿਚੋਂ ਭਾਈ ਰਣਧੀਰ ਸਿੰਘ ਨਾਮੇ ਜੋ ਸਜਣ ਹਨ, ਉਹਨਾਂ ਨਾਲ ਮੈਂ ਮੁਲਾਕਾਤ ਕਰਨੀ ਚਾਹੁੰਦਾ ਹਾਂ ਤੇ ਨਾਲੇ ਚਾਰ ਹੋਰ ਸਜਣਾਂ ਨਾਲ ਮੁਲਾਕਾਤ ਕਰਾ ਦਿਓ। ਉਹ ਸਜਣ ਭਾਈ ਕਰਤਾਰ ਸਿੰਘ ਚੰਦ ਨਿਵਾਸੀ, ਭਾਈ ਮੁਨਸ਼ਾ ਸਿੰਘ ਦੁਖੀ ਤੇ ਦੋ ਹੋਰ ਕੋਈ ਹੋਣ। ਹੋਰ ਕਿਸੇ ਨਾਲ ਨਹੀਂ ਅਤੇ ਜ਼ਰੂਰੀ ਇਉਂ ਮਿਲਣਾ ਹੈ ਕਿ ਮੈਂ ਉਹਨਾਂ ਦੇ ਪਾਸ ਆਪਣੇ ਗੁਨਾਹਾਂ ਦਾ ਕਫਾਰਾ ਕਰਾਉਣ ਲਈ ਪਸ਼ਚਾਤਾਪ ਕਰ ਕੇ ਪ੍ਰਾਸਚਿਤ ਕਰਾਉਣਾ ਹੈ, ਜਿਵੇਂ ਤੁਹਾਡੇ ਪਾਦਰੀ ਕਰਿਆ ਕਰਾਇਆ ਕਰਦੇ ਹਨ। ਇਸ ਕਰਕੇ ਮੈਂ ਉਹਨਾਂ ਨਾਲ ਮੁਲਾਕਾਤ ਕਰਨੀ ਚਾਹੁੰਦਾ ਹਾਂ। ਤੇ ਗੱਲ ਬਾਤ ਪ੍ਰਾਈਵੇਟ ਹੋਵੇ, ਉਹਨਾਂ ਤੋਂ ਬਿਨਾਂ ਮੇਰੇ ਪਾਸ ਹੋਰ ਕੋਈ ਨਾ ਹੋਵੇ, ਨਾ ਹੀ ਤੂੰ ਮੇਰੇ ਪਾਸ ਹੋਵੇਂ।

ਸੁਪ੍ਰੰਟੈਂਡੈਂਟ ਨੇ ਉਸ ਨੂੰ ਉਤਰ ਦਿਤਾ, "ਇਹ ਸਭ ਕੁਝ ਤਾਂ ਹੋ ਜਾਵੇਗਾ, ਪਰ ਬੜੀ ਮੁਸ਼ਕਲ ਤਾਂ ਇਹ ਹੈ ਕਿ ਭਾਈ ਰਣਧੀਰ ਸਿੰਘ ਨਾਲ ਮੁਲਾਕਾਤ ਕਿਵੇਂ ਕਰਾਵਾਂ। ਬਿਹਾਰ ਓੜੀਸਾ ਦੀ ਗਵਰਮੈਂਟ ਅਤੇ ਖ਼ਾਸ ਕਰਕੇ ਪੰਜਾਬ ਗਵਰਮੈਂਟ ਦਾ ਸਖ਼ਤ ਹੁਕਮ ਹੈ ਕਿ ਸਿਖ ਪੁਲੀਟੀਕਲ ਕੈਦੀਆਂ ਨੂੰ ਪਰਸਪਰ ਇਕ ਦੂਜੇ ਨਾਲ ਮਿਲਣ ਨਾ ਦੇਵੋ। ਸਭ ਅਡੋ ਅਡੀ



www.AKJ.Org

ਆਪੋ ਆਪਣੀਆਂ ਕਾਲ ਕੋਠੜੀਆਂ (*Cells*) ਵਿਚ ਤੜੇ ਰਹਿਣ। ਖ਼ਾਸ ਕਰ ਭਾਈ ਰਣਧੀਰ ਸਿੰਘ ਬਾਰੇ ਤਾਂ ਬਹੁਤ ਹੀ ਸਖ਼ਤ ਆਰਡਰ ਹੈ ਕਿ ਇਸ ਪਾਸ ਜੇਲ੍ਹ ਦੇ ਕਿਸੇ ਬੰਦੇ ਬਸ਼ਰ ਨੂੰ ਨੇੜੇ ਨਾ ਆਣ ਦੇਵੇ। ਦੂਜੇ ਪੰਜਾਬ ਦੇ ਸਿਖ ਪੋਲਟੀਕਲ ਕੈਦੀ !! ਏਹਨਾਂ ਵਿਚੋਂ ਤਾਂ ਕੋਈ ਭੀ ਉਸ ਦੇ ਪਾਸ ਨਹੀਂ ਜਾ ਸਕਦਾ, ਨਾ ਹੀ ਉਹ ਕਿਸੇ ਪਾਸ ਲਿਆਇਆ ਜਾ ਸਕਦਾ ਹੈ।''

ਤਿਸ ਪਰ ਕੇਹਰ ਸਿੰਘ ਨੇ ਕਿਹਾ ਕਿ ਚੰਗਾ ਆਪਣਾ ਦਿਤਾ ਹੋਇਆ ਬਚਨ (*Word* ਵਾਪਸ ਲੈ ਲਵੇ। ਗੋਰੇ ਸੁਪ੍ਰੰਟੈਂਡੈਂਟ ਨੇ ਆਖਿਆ ਕਿ ਬਚਨ ਤਾਂ ਮੈਂ ਵਾਪਸ ਨਹੀਂ ਲੈਂਦਾ, ਜ਼ਰੂਰ ਪੂਰਾ ਕਰਾਂਗਾ। ਪਰ ਇਸ ਸ਼ਰਤ ਤੇ ਪੂਰਾ ਕਰੂੰਗਾ ਕਿ ਤੂੰ ਕਿਸੇ ਨੂੰ ਨਾ ਦਸੀਂ ਕਿ ਇਹ ਮੁਲਾਕਾਤ ਕਰਾਈ ਗਈ ਹੈ। ਮੈਂ ਸਭ ਤੋਂ ਬੇਖ਼ਬਰੇ ਹੀ, ਬਿਨਾਂ ਕਿਸੇ ਨੂੰ ਦਸੇ ਦੇ ਆਪ ਦੇ ਪਾਸ ਲੈ ਆਉਂਦਾ ਹਾਂ। ਉਹਨਾਂ ਦੀ ਆਥਣ ਦੀ ਪ੍ਰੇਅਰ (*Prayer*) ਰਹਿਰਾਸ ਦੇ ਪਾਠ ਪਿਛੋਂ ਮੈਂ ਚੁਪਕੇ ਹੀ ਰਣਧੀਰ ਸਿੰਘ ਨੂੰ ਉਸ ਦੀ ਕੋਠੀ ਵਿਚੋਂ ਕਢ ਕੇ ਆਪ ਕੇ ਪਾਸ ਲੈ ਆਵਾਂਗਾ। ਉਸ ਵਕਤ ਹੋਰ ਕੋਈ ਜੇਲ੍ਹ-ਮੁਲਾਜ਼ਮ ਭੀ ਨਹੀਂ ਦੇਖਦਾ ਹੋਵੇਗਾ। ਦੂਜੀ ਸੂਰਤ ਇਹ ਭੀ ਹੈ ਕਿ ਭਾਈ ਰਣਧੀਰ ਸਿੰਘ ਭੀ ਜੇ ਕਿਸੇ ਨੂੰ ਇਹ ਗੱਲ (ਮੁਲਾਕਾਤ ਵਾਲੀ) ਨਾ ਦਸਣ ਦਾ ਵਾਅਦਾ ਕਰੇਗਾ ਤਾਂ ਉਸ ਨੂੰ ਲਿਆਵਾਂਗਾ। ਨਹੀਂ ਤਾਂ ਬੜੀ ਮਜਬੂਰੀ ਹੈ। ਇਤਨੀ ਗੱਲ ਕੇਹਰ ਸਿੰਘ ਨਾਲ ਕਰ ਕੇ ਸੁਪ੍ਰੰਟੈਂਡੈਂਟ ਗੋਰਾ ਉਸ ਦੇ ਪਾਸੋਂ ਚਲਿਆ ਗਿਆ।

ਰਹਿਰਾਸ ਸਾਹਿਬ ਦੇ ਪਾਠ ਪਿਛੋਂ ਮੇਰੇ ਪਾਸ ਚੁਪ ਕੀਤਾ ਹੀ ਆਇਆ। ਮੇਰੀ ਕੋਠੀ ਦੇ ਜੰਗਲੇ ਦੇ ਬਾਹਰ ਖੜਾ ਹੋ ਗਿਆ। ਮੈਨੂੰ ਗੁਡ ਈਵਨਿੰਗ ਕਹਿ ਕੇ ਪੁਛਣ ਲਗਾ ਕਿ ਤੂੰ ਆਪਣੇ ਸਾਥੀ ਕੇਹਰ ਸਿੰਘ ਨਾਲ ਮੁਲਾਕਾਤ ਕਰਨੀ ਚਾਹੁੰਦਾ ਹੈਂ, ਜੋ ਹਸਪਤਾਲ ਵਿਚ ਬੀਮਾਰ ਹੈ। ਮੈਂ ਉਤਰ ਵਿਚ ਉਸ ਨੂੰ ਆਖਿਆ ਕਿ ਮੈਨੂੰ.ਕੀ ਚਾਹੀਦਾ ਹੈ, ਦੋ ਨੈਣ। ਮੈਂ ਤਾਂ ਅਗੇ ਹੀ ਉਸ ਨੂੰ ਮਿਲਣਾ ਚਾਹੁੰਦਾ ਹਾਂ ਕਿ ਤਿੰਨ ਦਿਨ ਤੋਂ ਉਸ ਦੀ ਵਾਇਰਲੈੱਸ ਮੈਨੂੰ ਪਹੁੰਚ ਰਹੀ ਹੈ। ਉਹ ਮਿਲਣ ਲਈ ਬਹੁਤ ਬੇਤਾਬ ਹੋ ਰਿਹਾ ਹੈ। ਇਹ ਆਪ ਦਾ ਬਹੁਤ ਉਪਕਾਰ ਹੋਵੇਗਾ ਜੋ ਮੈਨੂੰ ਉਸ ਦੇ ਨਾਲ ਮੁਲਾਕਾਤ ਕਰਾ ਦੇਵੋਗੇ।

ਸੁਪ੍ਰੰਟੈਂਡੈਂਟ ਬੜਾ ਹੀ ਹੈਰਾਨ ਹੋਇਆ ਜਦੋਂ ਉਸ ਨੇ ਵਾਇਰਲੈੱਸ ਵਾਲੀ ਗੱਲ ਸੁਣੀ।

ਮੈਂ ਆਖਿਆ, ਹੈਰਾਨ ਕਿਉਂ ਹੁੰਦੇ ਹੋ, ਇਹ ਤਾਂ ਮਾਮੂਲੀ ਗੱਲ ਹੈ।

ਕਹਿਣ ਲਗਾ, ਇਹ ਦੂਜੀ ਹੈਰਾਨੀ ਕਰਨ ਵਾਲੀ ਗੱਲ ਮੇਰੇ ਤਜਰਬੇ ਵਿਚ ਆਈ ਹੈ ਕਿ ਸਿਖ ਪਰਸਪਰ ਦਿਲਾਂ ਦਿਲਾਂ ਅੰਦਰ ਹੀ ਵਾਇਰਲੈੱਸ ਚਲਾ ਲੈਂਦੇ ਹਨ। ਇਹ ਗੱਲ ਹੈ ਵੀ ਕਾਬਲੇ ਯਕੀਨ ਕਿ ਤੈਨੂੰ ਜ਼ਰੂਰ ਉਸ ਦੀ ਵਾਇਰਲੈੱਸ ਪੁਜੀ ਹੋਣੀ ਹੈ, ਜੋ ਤਿੰਨ ਦਿਨਾਂ ਤੋਂ ਤੈਨੂੰ ਉਹ ਬੜਾ ਯਾਦ ਕਰ ਰਿਹਾ ਹੈ। ਰਾਤ ਤਾਂ ਖ਼ਾਸ ਤੌਰ ਤੇ ਹੀ ਤੇਰੀ ਬਾਬਤ ਉਸ ਨਾਲ ਗੱਲ ਬਾਤ ਹੋਈ ਹੈ। ਇਸ ਕਰਕੇ ਮੈਂ ਆਇਆ ਹਾਂ ਕਿ ਤੈਨੂੰ ਉਸ ਦੇ ਪਾਸ ਹੁਣ ਲੈ ਚਲਾਂ, ਪਰ ਇਸ ਸ਼ਰਤ ਤੇ ਕਿ ਤੂੰ ਬਚਨ (*word*) ਦੇਵੇਂ ਕਿ ਇਸ ਮੁਲਾਕਾਤ ਦੀ ਖ਼ਬਰ ਤੇਰੀ ਜ਼ਬਾਨੋਂ ਤੇ ਤੇਰੇ ਮੂੰਹੋਂ ਕਿਸੇ ਪਾਸ ਨਹੀਂ ਨਿਕਲੇਗੀ। ਆਪਣੀ ਸਾਰੀ ਮੁਸ਼ਕਲ ਉਸ ਨੇ ਮੇਰੇ ਪਾਸ ਦਸੀ ਅਤੇ ਆਖਿਆ ਕਿ ਮੈਂ ਆਪਣੀ ਆਕਵਰਡ ਪੁਜ਼ੀਸ਼ਨ (ਔਖੀ ਪੁਜ਼ੀਸ਼ਨ) ਆਪ ਤੇ ਛਡਦਾ ਹਾਂ।

ਮੈਂ ਉਸ ਦੀ ਤਸੱਲੀ ਕਰਵਾਈ ਕਿ ਨਿਸ਼ਾ-ਖ਼ਾਤਰ ਰਖੋ, ਗੱਲ ਬਾਹਰ ਨਹੀਂ ਨਿਕਲੇਗੀ। ਗੁਰਸਿਖ ਤਾਂ ''ਬਾਹਰ ਗਲ ਨ ਨਿਕਲੇ ਹੁਕਮੀ ਬੰਦੇ ਕਾਰ ਕਰਾਰੀ'' ਦੇ ਅਸੂਲ ਦੇ ਕਾਇਲ ਹੁੰਦੇ ਹਨ। ਚਲੋ ਫੇਰ ਲੈ ਚਲੋ। ਪਰ ਪਹਿਲਾਂ ਮੈਨੂੰ ਦਸ ਲਵੋ ਕਿ ਉਹ ਪਹਿਲੀ ਗੱਲ ਕਿਹੜੀ ਹੈ ਜਿਸ ਨੇ ਤੈਨੂੰ ਇਤਨਾ ਹੈਰਾਨ ਕਰ ਛਡਿਆ ਹੋਇਆ ਹੈ।

ਸੁਪ੍ਰੰਟੈਂਡੈਂਟ ਨੇ ਸਾਰੀ ਗੱਲ ਸੁਣਾਈ ਕਿ ਕੇਹਰ ਸਿੰਘ ਛੇ ਮਹੀਨੇ ਤੋਂ ਸਖ਼ਤ ਬੀਮਾਰ ਹੈ। ਹੁਣ ਤਾਂ ਉਸ ਦੀ ਬੜੀ ਹੀ ਖ਼ਤਰਨਾਕ ਹਾਲਤ ਹੈ। ਉਸ ਦੇ ਕੋਲ ਜਾਂਦਿਆਂ ਭੀ ਭੈ ਲਗਦਾ ਹੈ। ਕਈ ਦਿਨਾਂ ਤੋਂ ਉਸ ਦੀਆਂ ਅੱਖੀਆਂ ਚੋਂ ਨੀਰ ਚਲਦਾ ਰਹਿੰਦਾ ਹੈ ਅਤੇ ਕਈ ਵਾਰ ਉਸ ਦਾ ਸਾਰਾ ਸਰੀਰ ਕੰਬਣ ਲਗ


www.AKJ.Org

ਜਾਂਦਾ ਹੈ। ਇਕ ਦਿਨ ਮੈਂ ਜਦੋਂ ਉਸ ਦੇ ਪਾਸ ਗਿਆ ਤਾਂ ਉਹ ਬੜੀ ਭਿਆਨਕ ਕੰਬਣੀ ਕੰਬ ਰਿਹਾ ਸੀ। ਨਾਲੇ ਉਪਰ ਛਤ ਵਲ ਨੂੰ ਦੇਖ ਦੇਖ ਕੇ ਘਿਗਿਆਉਂਦਾ ਸੀ। ਉਸ ਦੀਆਂ ਡਰਾਵਣੀਆਂ ਅਖੀਆਂ ਚੋਂ ਇਹ ਗੱਲ ਸਾਫ ਪੜ੍ਹੀ ਜਾਂਦੀ ਸੀ ਕਿ ਇਹ ਕੋਈ ਭਿਆਨਕ ਚੀਜ਼ ਦੇਖ ਰਿਹਾ ਹੈ। ਮੇਰੇ ਪੁਛਣ ਤੇ ਉਸ ਨੇ ਕਿਹਾ ਕਿ ਮੈਨੂੰ ਕਈ ਦਿਨਾਂ ਤੋਂ ਇਕ ਬਦ-ਸ਼ਕਲ ਡਰਾ ਰਹੀ ਹੈ। ਉਸ ਨੇ ਸਪੱਸ਼ਟ ਆਖਿਆ ਕਿ ਮੈਂ ਹੁਣ ਤਾਈਂ ਸਾਰੀ ਉਮਰ ਜਿੱਨਾਂ ਭੂਤਾਂ ਪ੍ਰੇਤਾਂ ਜਮਦੂਤਾਂ ਦੇ ਬੜਾ ਸਖ਼ਤ ਬਰਖ਼ਿਲਾਫ਼ ਰਿਹਾ ਹਾਂ, ਐਪਰ ਮੈਨੂੰ ਹੁਣ ਕਾਇਲ ਹੋਣਾ ਪਿਆ। ਔਹ ਦੇਖੋ, ਸਾਹਮਣੇ ਮੈਨੂੰ ਇਕ ਪ੍ਰੇਤ ਡਰਾ ਰਿਹਾ ਹੈ ਅਤੇ ਰੋਜ਼ ਡਰਾਉਂਦਾ ਹੈ। ਮੈਂ ਉਸ ਦੀ ਹਾਲਤ ਦੇਖ ਕੇ ਉਸ ਦੀ ਕਹੀ ਹੋਈ ਉਪਰੋਕਤ ਗੱਲ ਉਤੇ ਯਕੀਨ ਕੀਤੇ ਬਿਨਾਂ ਰਹਿ ਨ ਸਕਿਆ। ਏਤਨੇ ਨੂੰ ਛਤ ਵਲ ਤਕੜਾ ਖੜਕਾ ਹੋਇਆ। ਜੋ ਮੈਨੂੰ ਦਿਸਿਆ ਨਹੀਂ, ਪਰ ਮੈਂ ਕੰਨੀਂ ਸੁਣਿਆ ਜ਼ੋਰ ਦਾ ਖੜਾਕ। ਪਰ ਜਦੋਂ ਮੈਂ ਕੇਹਰ ਸਿੰਘ ਵਲ ਦੇਖਿਆ ਤਾਂ ਉਸ ਨੇ ਮੇਰੀਆਂ ਅੱਖਾਂ ਚੋਂ ਹੀ ਪ੍ਰਸ਼ਨ ਪਛਾਣ ਲੀਤਾ। ਮੈਨੂੰ ਪੁਛਿਆ, ਖੜਾਕ ਸੁਣਿਆ? ਮੈਂ ਆਖਿਆ, ਹਾਂ, ਪਰ ਦੇਖਿਆ ਕੁਝ ਨਹੀਂ। ਉਸ ਨੇ ਮੈਨੂੰ ਦਸਿਆ ਕਿ ਇਹ ਪ੍ਰੇਤ ਰੋਜ਼ ਜਾਣ ਲਗਿਆਂ ਇਉਂ ਖੜਾਕ ਕਰਦਾ ਹੈ। ਹੁਣੇ ਉਹ ਗਿਆ ਮੈਨੂੰ ਜਾਂਦਾ ਦਿਸਿਆ, ਜੈਸਾ ਕਿ ਹਰ ਰੋਜ਼ ਆਉਂਦਾ ਜਾਂਦਾ ਦੀਂਹਦਾ ਹੈ। ਸੁਪ੍ਰਿੰਟੈਂਡੈਂਟ ਨੇ ਫੇਰ ਜ਼ਿਕਰ ਕੀਤਾ ਕਿ ਚਾਹੇ ਮੈਂ ਆਪਣੇ ਅਖੀਂ ਉਹ ਪ੍ਰੇਤ ਨਹੀਂ ਦੇਖਿਆ, ਪਰ ਮੈਨੂੰ ਹੁਣ ਪਕਾ ਯਕੀਨ ਹੈ ਕਿ ਉਹ (ਕੇਹਰ ਸਿੰਘ) ਜ਼ਰੂਰ ਕੋਈ ਪ੍ਰੇਤ ਦੇਖਦਾ ਹੈ ਅਤੇ ਉਹ ਭੂਤ ਉਸ ਨੂੰ ਆ ਕੇ ਡਰਾਉਂਦਾ ਹੈ। ਇਹ ਗੱਲ ਸੀ ਜਿਹੜੀ ਮੈਨੂੰ ਪਹਿਲਾਂ ਹੀ ਬਥੇਰਾ ਹੈਰਾਨ ਕਰ ਰਹੀ ਸੀ, ਹੁਣ ਤੈਂ ਦੂਜੀ ਹੈਰਾਨ ਕਰਨ ਵਾਲੀ ਗੱਲ ਆਖ ਦਿਤੀ। ਮੁਕਦੀ ਗੱਲ, ਇਉਂ ਗੱਲਾਂ ਕਰਦਾ ਕਰਾਉਂਦਾ ਸੁਪ੍ਰਿੰਟੈਂਡੈਂਟ ਮੈਨੂੰ ਕੋਠੜੀ ਚੋਂ ਕਢ ਕੇ ਹਸਪਤਾਲ ਕੇਹਰ ਸਿੰਘ ਪਾਸ ਲੈ ਗਿਆ।

ਜਦੋਂ ਅਸੀਂ (ਮੈਂ ਤੇ ਸੁਪ੍ਰਿੰਟੈਂਡੈਂਟ) ਉਸ ਦੇ ਕਮਰੇ ਵਿਚ ਜਾ ਕੇ ਵੜੇ ਤਾਂ ਕੇਹਰ ਸਿੰਘ ਠੰਢਾ ਸਾਹ ਭਰ ਕੇ ਬੋਲਿਆ, "ਹਾਂ! ਆਰਾਮ ਆ ਗਿਆ!" ਸੁਪ੍ਰਿੰਟੈਂਡੈਂਟ ਨੇ ਪੁਛਿਆ, ਕਿਸ ਗੱਲ ਦਾ ਆਰਾਮ ਆ ਗਿਆ? ਤਾਂ ਕੇਹਰ ਸਿੰਘ ਨੇ ਕਿਹਾ, ਭਾਈ ਸਾਹਿਬ ਦੇ ਕਮਰੇ ਵਿਚ ਦਾਖ਼ਲ ਹੁੰਦਿਆਂ ਹੀ ਉਹ ਪ੍ਰੇਤ ਭੈ-ਭੀਤ ਹੋ ਕੇ ਭਜ ਗਿਆ ਹੈ ਅਤੇ ਮੈਨੂੰ ਡਰਾਉਣੀ ਕੰਬਣੀ ਆਉਣੀ ਹਟ ਗਈ ਹੈ ਤੇ ਆਰਾਮ ਆ ਗਿਆ ਹੈ। ਇਸ ਕਰਕੇ ਮੇਰੇ ਮੂੰਹੋਂ ਆਪ-ਮੁਹਾਰੇ ਇਹ ਫ਼ਿਕਰਾ ਨਿਕਲ ਗਿਆ, "ਹਾਂ! ਆਰਾਮ ਆ ਗਿਆ।" ਗੱਲ ਕੀ, ਸੁਪ੍ਰਿੰਟੈਂਡੈਂਟ ਮੈਨੂੰ ਇਕੱਲੇ ਨੂੰ ਉਸ ਦੇ ਪਾਸ ਛਡ ਕੇ ਚਲਿਆ ਗਿਆ। ਇਹ ਆਖ ਕੇ ਕਿ ਤੁਸੀਂ ਪਰਸਪਰ ਹਾਲ ਪਿਆਰ ਦੀਆਂ ਗੱਲਾਂ ਕਰੋ, ਮੈਂ ਅੱਧੇ ਘੰਟੇ ਪਿਛੋਂ ਫੇਰ ਆ ਕੇ (ਮੇਰੇ ਵਲ ਇਸ਼ਾਰਾ ਕਰ ਕੇ) ਤੈਨੂੰ ਛਡ ਆਵਾਂਗਾ। ਅੱਧੇ ਘੰਟੇ ਦੀ ਮੁਲਾਕਾਤ ਦੀ ਇਜਾਜ਼ਤ ਦਿੰਦਾ ਹਾਂ।

ਉਸ ਦੇ ਜਾਣ ਦੀ ਦੇਰ ਸੀ ਕਿ ਕੇਹਰ ਸਿੰਘ ਬਿਲਬਿਲਾ ਕੇ ਰੋਇਆ। ਬੜਾ ਹੀ ਰੋਇਆ। ਕਮਜ਼ੋਰ ਬੜਾ ਹੀ ਹੋਇਆ ਪਿਆ ਸੀ। ਸਰੀਰ ਦਾ ਤਾਂ ਕਰੰਗ ਹੀ ਬਣਿਆ ਹੋਇਆ ਸੀ। ਅਖਾਂ ਬਾਹਰ ਨਿਕਲੀਆਂ ਹੋਈਆਂ ਸਨ। ਮੰਜੇ ਤੋਂ ਉਠ ਨਹੀਂ ਸਕਦਾ ਸੀ। ਮੈਂ ਉਸ ਦੇ ਪਾਸ ਹੀ ਕੁਰਸੀ ਤੇ ਬੈਠ ਗਿਆ। ਉਸਨੂੰ ਆਖਿਆ ਕਿ ਰੋਵੋ ਨਾ, ਆਪਣੇ ਮਨ ਦੀ ਬਿਰਥਾ ਦਸੋ। ਰੋਣ ਨਾਲ ਤੁਹਾਨੂੰ ਬਹੁਤ ਤਕਲੀਫ਼ ਹੁੰਦੀ ਹੈ। ਉਹ ਬੋਲ ਭੀ ਮਸਾਂ ਹੀ ਸਕਦਾ ਸੀ। ਸਪਤਾਲ ਦੀ ਬਾਣੀ ਵਾਲੀ ਉਸ ਦੀ ਆਵਾਜ਼ ਉਸ ਦੇ ਮੂੰਹੋਂ ਨਿਕਲਦੀ ਸੀ, ਜੋ ਪਾਸ ਹੋ ਕੇ ਕੰਨ ਲਾ ਕੇ ਸੁਣੀ ਜਾਂਦੀ ਸੀ। ਉਸ ਨੇ ਘਿਗਿਆ ਕੇ ਆਖਿਆ, "ਮੈਨੂੰ ਪਾਪੀ ਨੂੰ ਬਖ਼ਸ ਲਵੋ ਅਤੇ ਬਖਸ਼ਾ ਦਿਓ ਗੁਰੂ ਸਾਹਿਬ ਪਾਸੋਂ। ਮੈਂ ਬੜਾ ਪਾਪੀ ਹਾਂ ਅਤੇ ਪ੍ਰਾਸਚਿਤ ਕਰਾਉਣ ਲਈ ਪਸਚਾਤਾਪ ਆਪ ਦੇ ਪੇਸ਼ ਕਰਦਾ ਹਾਂ।"

ਮੈਂ ਉਸ ਨੂੰ ਹਲਾਸ਼ੇਰੀ ਦਿਤੀ ਕਿ ਨਿਸੰਗ ਖੋਲ੍ਹ ਕੇ ਦਸੋ, ਹੁਣ ਸੋਚਣ ਦਾ ਵੇਲਾ ਨਹੀਂ।

ਫਿਰ ਉਸ ਨੇ ਹੋਲੀ ਹੋਲੀ ਅਟਕਵੀਂ ਤੇ ਥਿਥਲਦੀ ਜ਼ਬਾਨ ਤੋਂ ਆਪਣੀ ਪਾਪ-ਕਹਾਣੀ ਵਰਨਣ ਕਰਨੀ



www.AKJ.Org

ਅਰੰਭੀ। ਕੇਹਰ ਸਿੰਘ ਨੇ ਕਿਹਾ ਕਿ ਪਹਿਲਾ ਪਾਪ ਤਾਂ ਮੇਰਾ ਇਹ ਹੈ ਕਿ ਮੈਂ ਕੁਸੰਗ ਕਰਕੇ ਗੁਰਸਿਖੀ ਤੋਂ ਪਤਿਤ ਹੋ ਚੁਕਾ ਹਾਂ। ਜਦੋਂ ਦਾ ਮੈਂ ਏਥੇ ਹਜ਼ਾਰੀ ਬਾਗ ਜੇਲ੍ਹ ਵਿਚ ਆਇਆ ਹਾਂ, ਮੈਂ ਕੇਸ ਤਾਂ ਧਾਰਨ ਕਰ ਲਏ ਹਨ, ਪਰ ਮੈਨੂੰ ਆਪਣਾ ਪਾਪ ਅਤੇ ਤਨਖ਼ਾਹ ਬਖ਼ਸ਼ਾਉਣ ਦਾ ਅਵਸਰ ਮਿਲਦਾ ਦਿਸਦਾ ਨਹੀਂ। ਮੈਂ ਪ੍ਰਾਣਾਂ ਤੇ ਪਿਆ ਹਾਂ। ਤੁਸਾਡੇ ਬਖ਼ਸ਼ਾਉਣ ਤੋਂ ਬਖਸ਼ਿਆ ਜਾ ਸਕਦਾ ਹਾਂ। ਹੋਰ ਮੇਰੇ ਵਿਚ ਕੋਈ ਤਾਕਤ ਨਹੀਂ। ਦੂਜੇ ਮੈਂ ਆਪਣੇ ਸਾਰੇ ਕਮਾਤੇ ਭਿਆਨਕ ਪਾਪ ਆਪ ਦੇ ਪਾਸ ਦੱਸ ਕੇ ਆਪਣੀ ਹਿਕ ਹੌਲੀ ਕਰਨਾ ਚਾਹੁੰਦਾ ਹਾਂ। ਉਹਨਾਂ ਪਾਪਾਂ ਵਿਚੋਂ ਸਭ ਤੋਂ ਵਡਾ ਬੱਜਰ ਪਾਪ ਇਹ ਮੈਥੋਂ ਹੋਇਆ ਜੋ ਸਾਰੇ ਦੁਖ ਦਾ ਮੂਲ ਹੈ, ਜ਼ਰਾ ਕੰਨ ਦੇ ਕੇ ਸੁਣਨਾ ਜੀ। ਆਪ ਨੂੰ ਪਤਾ ਹੋਣਾ ਹੈ ਕਿ ਫਲਾਣੇ ਸਾਲ ਫਲਾਣੀ ਤ੍ਰੀਕ ਨੂੰ ਅਸਾਡੇ ਪਿੰਡ ਸਾਹਨੇਵਾਲ ਇਕ ਪੁਲੀਟੀਕਲ ਡਾਕਾ ਪਿਆ ਸੀ?

ਮੈਂ ਹੁੰਗਾਰਾ ਭਰਿਆ। ਕਿਹਾ, ਮੈਂ ਸੁਣਿਆ ਸੀ।

ਕੇਹਰ ਸਿੰਘ ਨੇ ਫੇਰ ਬਿਆਨ ਸ਼ੁਰੂ ਕੀਤਾ, "ਜੀ ਭਾਈ ਸਾਹਿਬ, ਉਹ ਡਾਕਾ ਮੈਂ ਹੀ ਪਵਾਇਆ ਸੀ। ਮੇਰੀ ਤਰਕੀਬ ਨਾਲ ਹੀ ਪਿਆ ਸੀ। ਸਾਡੇ ਪਿੰਡ ਸਾਹਨੇਵਾਲ ਦਾ ਇਕ ਸ਼ਾਹੂਕਾਰ ਮਾਲਦਾਰ ਖਤਰੀ ਸੀ, ਜੋ ਇਸ ਡਾਕੇ ਵਿਚ ਜਾਨੋਂ ਮਾਰਿਆ ਜਾਣਾ ਆਪ ਨੇ ਸੁਣਿਆ ਹੋਣਾ ਹੈ? ਜਦੋਂ ਆਪ ਬਾਹਰ ਸੀ।"

ਮੈਂ ਆਖਿਆ, "ਹਾਂ ਇਹ ਗੱਲ ਭੀ ਸੁਣੀ ਸੀ ਕਿ ਸਾਹਨੇਵਾਲ ਇਕ ਸ਼ਾਹੂਕਾਰ ਇਸ ਡਾਕੇ ਵਿਚ ਮਾਰਿਆ ਗਿਆ।"

ਕੇਹਰ ਸਿੰਘ ਨੇ ਬੜੇ ਤਸਲੀਮ-ਕੁਨ (*Confirming*) ਲਹਿਜੇ ਵਿਚ ਆਖਿਆ, "ਉਸ ਸ਼ਾਹੂਕਾਰ ਦਾ ਖ਼ੂਨ ਮੇਰੇ ਸਿਰ ਤੇ ਹੀ ਹੈ। ਉਹ ਇਸ ਤਰ੍ਹਾਂ ਕਿ ਜਦੋਂ ਅਸਾਂ ਸਾਰਿਆਂ ਪੁਲੀਟੀਕਲ ਡਾਕੇਬਾਜ਼ਾਂ ਨੇ ਉਸ ਦੇ ਸਾਰੇ ਮਕਾਨ ਉਤੇ ਚਾਰ ਚੁਫੇਰੇ ਭਰੀਆਂ ਬੰਦੂਕਾਂ ਦੇ ਪਹਿਰੇ ਲਾ ਦਿਤੇ ਅਤੇ ਨਾਕਿਆਂ ਉਤੇ ਬੰਬਾਂ ਵਾਲੇ ਖੜੇ ਕਰ ਦਿਤੇ, ਫੇਰ ਸ਼ਾਹੂਕਾਰ ਦੀਆਂ ਮੁਸ਼ਕਾਂ ਕਸ ਲਈਆਂ ਅਤੇ ਲਗੇ ਉਸ ਨੂੰ ਤਸੀਹੇ ਦੇਣ। ਮਤਲਬ ਤਸੀਹੇ ਦੇਣ ਦਾ ਇਹ ਸੀ ਕਿ ਸਾਨੂੰ ਮਾਲ ਰਖਿਆ ਦਸੇ ਅਤੇ ਖ਼ਜ਼ਾਨੇ ਦੀਆਂ ਕੁੰਜੀਆਂ ਸਪੁਰਦ ਕਰ ਦੇਵੇ। ਇਹ ਸ਼ਾਹੂਕਾਰ ਬੜਾ ਹੀ ਮਾਲਦਾਰ ਤੇ ਨਕਦੀ ਵਾਲਾ ਸੀ। ਪਰ ਉਸ ਢੀਠ ਨੇ ਇਕੋ ਹੀ ਨਾਂਹ ਫੜ ਲਈ। ਕੁਛ ਨ ਦਸੇ। ਮੈਂ ਫੇਰ ਤਜਵੀਜ਼ ਦਸੀ ਆਪਣੇ ਸਾਥੀ ਡਾਕੂਆਂ ਨੂੰ ਕਿ ਇਹ ਇਉਂ ਨਹੀਂ ਦਸਦਾ, ਇਸ ਦੇ ਗਲੇ ਦੀ ਘੰਡੀ ਉਤੇ ਛੁਰੀ ਰਖੋ, ਫੇਰ ਦਸੇਗਾ। ਛੁਰੀ ਰਖੀ ਗਈ, ਪਰ ਉਹ ਫੇਰ ਭੀ ਕੁਝ ਨਾ ਦਸੇ। ਮੈਂ ਕਿਹਾ, ਛੁਰੀ ਫੇਰੋ ਇਸ ਦੀ ਘੰਡੀ 'ਤੇ। ਛੁਰੀ ਫੇਰੀ ਗਈ, ਅਜੇ ਭੀ ਕੁਝ ਨ ਦਸੇ। ਮੈਂ ਹੋਰ ਡੂੰਘੀ ਛੁਰੀ ਗਲੇ ਤੇ ਫੇਰਨ ਲਈ ਵੰਗਾਰਨ ਕੀਤਾ, ਪਰ ਉਸ ਨੇ ਇਕੋ ਚੁਪ ਵਟ ਲਈ। ਮਰਨਾ ਮਾਂਡ ਲਿਆ ਪਰ ਧਨ ਹਥੋਂ ਨਾ ਜਾਣ ਦੇਣ ਦੀ ਮਥ ਲਈ। ਇਉਂ ਮੁੜ ਮੁੜ ਕੇ ਛੁਰੀ ਫਿਰਦਿਆਂ ਫਿਰਾਉਂਦਿਆਂ ਉਸ ਦੀ ਜਾਨ ਨਿਕਲ ਗਈ ਅਤੇ ਆਨਨ ਫਾਨਨ ਹੀ ਕਤਲ ਹੋ ਗਿਆ, ਜੋ ਮੇਰੇ ਪੈਰੋਂ ਹੋ ਗਿਆ। ਕੇਸ ਕਤਲ ਤੇ ਡਾਕੇ ਦਾ ਸਾਡੇ ਤੇ ਚਲ ਪਿਆ। ਹਥ ਭੀ ਕੁਝ ਨ ਆਇਆ।

"ਮੈਂ ਏਥੇ ਆਪ ਨੂੰ ਇਕ ਗੱਲ ਪਰਗਟ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਅਸਾਡਾ ਕਾਜ਼ ਕਿਉਂ ਫ਼ੇਲ੍ਹ ਹੋਇਆ। ਬੜਾ ਉਪਕਾਰ ਭਰਿਆ ਪਵਿਤਰ ਕਾਜ਼ ਸੀ। ਇਸ ਨੇ ਕਦੇ ਫ਼ੇਲ੍ਹ ਨਹੀਂ ਸੀ ਹੋਣਾ। ਫ਼ੇਲ੍ਹ ਸਿਰਫ ਇਸ ਕਰਕੇ ਹੋਇਆ ਕਿ ਮੇਰੇ ਵਰਗੇ ਪਾਪੀ ਪੁਰਸ਼ (ਮੈਂ ਇਕ ਨਹੀਂ, ਹੋਰ ਭੀ ਕਈ ਹੋਣਗੇ) ਇਸ ਮੂਵਮੈਂਟ (*Movement*) ਵਿਚ ਸ਼ਾਮਲ ਹੋ ਗਏ ਸਨ ਅਤੇ ਇਹੋ ਜਿਹੇ ਉਪਦ੍ਰਵ ਪੁਲੀਟੀਕਲ ਡਾਕਿਆਂ ਵਿਚ ਇਕੁੜ ਦੁਕੜ ਨਹੀਂ, ਕਈ ਹੋ ਗਏ ਹੋਣਗੇ।

"ਪਰ ਮੈਨੂੰ ਹੋਰਾਂ ਦੀ ਕੀ ਪਈ, ਮੈਨੂੰ ਤਾਂ ਆਪਣੇ ਕੀਤੇ ਦੀ ਪਈ ਹੋਈ ਹੈ। ਉਹ ਜਿਹੜੀ ਛੁਰੀ ਉਸ ਸਾਹੂਕਾਰ ਦੇ ਗਲੇ ਤੇ ਫਿਰੀ ਸੀ ਕਿ ਜਿਸ ਨੇ ਓੜਕ ਉਸ ਦੀ ਜਾਨ ਕਢ ਲਈ, ਓਹੀ ਛੁਰੀ ਹੁਣ ਮੇਰੇ ਗਲੇ ਤੇ ਭੀ ਫਿਰੇਗੀ। ਆਪਣੇ ਅਮਲਾਂ ਦਾ ਹਿਸਾਬ ਜ਼ਰੂਰ ਹਥੋ ਹਥੀ ਦੇਣਾ ਪੈਂਦਾ ਹੈ। ਕਈ ਐਥੇ ਦੇ ਦਿੰਦੇ



www.AKJ.Org

ਹਨ, ਕਈ ਅਗੇ ਜਾ ਕੇ। ਕਈ ਦੋਹੀਂ ਥਾਈਂ ਐਥੇ ਓਥੇ ਦਿੰਦੇ ਹਨ। ਮੈਨੂੰ ਹੰਜੀਰਾਂ ਦੀ ਬਿਮਾਰੀ ਐਸੀ ਲਾਹੱਕ ਹੋਈ ਹੈ ਕਿ ਮੇਰੇ ਗਲੇ ਤੇ ਲੱਖ ਲੱਖ ਛੁਰੀ ਫਿਰ ਰਹੀ ਹੈ। ਲੱਖ ਛੁਰੀਆਂ ਦੇ ਡੰਗ ਵਾਲਾ ਦਰਦ ਮੇਰੀ ਗਰਦਨ ਤੇ ਹੋ ਰਿਹਾ ਹੈ। ਐਸੀਆਂ ਪੀੜਾਂ ਪੈਂਦੀਆਂ ਹਨ ਕਿ ਦਿਨ ਰਾਤ ਤੜਫਾਉਂਦੀਆਂ ਹਨ। ਨਾ ਜਾਨ ਨਿਕਲਦੀ ਮੁਕਦੀ ਹੈ, ਨਾ ਇਕ ਖਿਨ ਮਾਤਰ ਭੀ ਭਿਅੰਕਰ ਤਕਲੀਫ਼ ਹਟਦੀ ਹੈ। ਉਪਰੋਂ ਸਭ ਤੋਂ ਬੜੀ ਤਕਲੀਫ ਹੁਣ ਕੁਝ ਦਿਨਾਂ ਤੋਂ ਇਹ ਭਿਆਨਕ ਸ਼ਕਲ ਦਿਖਲਾ ਰਹੀ ਹੈ। ਓਹੀ ਸ਼ਾਹੂਕਾਰ, ਜਿਸ ਦੇ ਗਲੇ ਉਤੇ ਮੈਂ ਛੁਰੀ ਫਿਰਵਾਈ ਸੀ, ਬਿਕਰਾਲ ਪ੍ਰੇਤ ਦੀ ਸ਼ਕਲ ਵਿਚ ਮੇਰੇ ਸਾਹਮਣੇ ਖੜਾ ਮੈਨੂੰ ਡਰਾਉਂਦਾ ਰਹਿੰਦਾ ਹੈ, ਜਿਸ ਤੋਂ ਮੇਰੀਆਂ ਡਾਡਾਂ ਨਿਕਲ ਜਾਂਦੀਆਂ ਹਨ। ਹੁਣ ਤਾਈਂ ਮੁੜ ਨਹੀਂ ਆਇਆ, ਨਹੀਂ ਤਾਂ ਪੰਜ ਪੰਜ ਮਿੰਟ ਪਿਛੋਂ ਮੈਨੂੰ ਆ ਕੇ ਡਰਾਉਂਦਾ ਹੈ। ਮੈਨੂੰ ਪਕ ਪਰਤੀਤ ਹੋ ਗਈ ਕਿ ਭਜਨ ਦੇ ਪਰਤਾਪ ਨਾਲ ਉਹ ਆਉਣ ਤੇ ਡਰਾਉਣ ਤੋਂ ਪਰੇ ਭਜ ਗਿਆ ਹੈ। ਆਪ ਗੁਰੂ ਕੇ ਭਜਨੀਕ ਪੁਰਸ਼ ਹੋ। ਮੈਨੂੰ ਤਾਂ ਪਹਿਲਾਂ ਹੀ ਭਾਰੀ ਯਕੀਨ ਸੀ, ਪਰ ਹੁਣ ਭਾਰੀ ਭਰੋਸਾ ਬਝ ਗਿਆ ਹੈ ਕਿ ਆਪ ਦੇ ਤੁਫ਼ੈਲ ਮੇਰੀ ਭੀ ਬੰਦ-ਖਲਾਸੀ ਹੋ ਜਾਵੇਗੀ।''

ਕੇਹਰ ਸਿੰਘ ਦੀ ਇਹ ਅਤਿ ਦੁਖੀ ਦਸ਼ਾ ਦੇਖ ਕੇ ਮੈਨੂੰ ਉਸ ਦੇ ਉਪਰ ਬੜਾ ਤਰਸ ਆਇਆ। ਮੇਰਾ ਜੀਉ ਕਰੇ ਕਿ ਇਸ ਨੂੰ ਭਜਨ ਗੁਰ-ਮੰਤ੍ਰ ਦਸ ਦੇਵਾਂ, ਪਰ ਗੁਰਮਤਿ ਅਸੂਲ ਦੀ ਹੁਕਮ-ਅਦੂਲੀ ਹੋ ਜਾਣ ਦੇ ਕਾਰਨ ਦਸਣੋਂ ਡਰ ਆਉਂਦਾ ਸੀ। ਸਾਰੀ ਉਮਰ ਐਸਾ ਗੁਰਮਤਿ ਵਿਰੁਧ ਕੋਈ ਕੰਮ ਨਹੀਂ ਕੀਤਾ ਗਿਆ। ਮੈਨੂੰ ਇਹ ਪੱਕਾ ਯਕੀਨ ਸੀ ਕਿ ਐਸ ਵੇਲੇ ਨਾਮ ਹੀ ਇਸ ਦੀ ਸਹਾਇਤਾ ਕਰ ਸਕਦਾ ਹੈ, ਪਰ ਨਾਮ ਮਿਲੇ ਤਾਂ ਕਿਵੇਂ ਮਿਲੇ। ਪੰਜਾਂ ਪਿਆਰਿਆਂ ਦਾ ਸੰਗਮ ਸਮਾਗਮ ਜੇਲ੍ਹ ਵਿਚ ਬਝ ਨਹੀਂ ਸਕਦਾ। ਮੈਨੂੰ ਇਕੱਲੇ ਨੂੰ ਭਜਨ ਦਸ ਦੇਣ ਦਾ ਹੁਕਮ ਨਹੀਂ। ਓੜਕ ਮੈਂ ਉਸ ਨੂੰ ਪੁਛਿਆ ਕਿ ਤੁਸਾਡੇ ਆਰੀਆ ਮੱਤ ਵਿਚ ਆਰੀਆ ਬਣਾਉਣ ਦੀ ਰਸਮ ਅਦਾ ਕਰਨ ਸਮੇਂ ਕੋਈ ਭੀ ਭਜਨ ਤੁਸਾਡੇ ਮਤ ਦਾ ਤੁਸਾਨੂੰ ਦਸਿਆ ਹੋਣਾ ਹੈ। ਉਸੇ ਹੀ ਨਾਮ ਦਾ ਭਜਨ ਕਰੋ। ਸ਼ਾਇਦ ਆਪ ਦੇ ਸੰਕਟ ਕਟੇ ਜਾਣ।

ਮੇਰੇ ਇਤਨਾ ਕਹਿਣ ਪਰ ਉਹ ਕੁਝ ਮਿੰਟਾਂ ਲਈ ਗੁੰਮ ਹੋ ਗਿਆ ਅਤੇ ਅਖੀਆਂ ਮੀਚ ਲਈਆਂ। ਓੜਕ ਅਖਾਂ ਖੋਲ੍ਹੀਆਂ ਤੇ ਸਿਰ ਫੇਰਿਆ ਅਤੇ ਬੜੀ ਹੀ ਔਖ ਤੇ ਮੁਸ਼ਕਲ ਨਾਲ ਉਸ ਦੀ ਜ਼ਬਾਨ ਵਿਚੋਂ ਮਸਾਂ 'ਹੇ ਈਸ਼ਵਰ' ਹੀ ਨਿਕਲਿਆ। ਫੇਰ ਓਹ ਰੋ ਕੇ ਦਸਣ ਲਗਿਆ ਕਿ ਮੈਂ ਖ਼ੂਬ ਅੰਤਰ ਧਿਆਨ ਹੋ ਕੇ ਦੇਖ ਲਿਆ ਅਤੇ ਯਤਨ ਪੂਰਾ ਕੀਤਾ ਕਿਵੇਂ ਮੇਰੇ ਮੂੰਹੋਂ ਮੈਨੂੰ ਦਸਿਆ ਜਾਂ ਆਪੇ ਦ੍ਰਿੜ੍ਹ ਹੋਇਆ ਮੰਤ੍ਰ ਲੈ ਸਕਾਂ। ਮੇਰੀਆਂ ਬਹੁਤ ਕੋਸ਼ਸ਼ਾਂ ਨਾਲ ਮਸਾਂ ਇਕ ਵਾਰ ਹੀ ਮੈਂ ਮੂੰਹੋਂ ਇਸ ਦਾ ਉਚਾਰਨ ਕਰ ਸਕਿਆ ਹਾਂ, ਪਰ ਬਸ ਹੋ ਗਈ। ਭਾਈ ਸਾਹਿਬ ਜੀ, ਐਸ ਵੇਲੇ ਜੋ ਅਤੀ ਕਠਨ ਅਤੇ ਮੁਸ਼ਕਲ ਤੋਂ ਮੁਸ਼ਕਲ ਔਕੜ ਮੇਰੇ ਦਰਪੇਸ਼ ਹੈ ਉਹ ਇਹ ਹੈ ਕਿ ਮੇਰੇ ਮੂੰਹੋਂ ਨਾਮ ਨਹੀਂ ਨਿਕਲ ਸਕਦਾ। ਇਹ ਪਕ ਜਾਣੋ ਕਿ ਜਿਸ ਨੇ ਸਾਰੀ ਉਮਰ ਪਾਪ ਹੀ ਪਾਪ ਕਮਾਏ ਹੋਣ ਉਸ ਨੂੰ ਸਭ ਤੋਂ ਵਡੀ ਸਜ਼ਾ ਇਹੋ ਹੈ ਕਿ ਉਹ ਨਾਮ ਨ ਜਪ ਸਕੇ। ਸੋ ਮੈਂ ਤਾਂ ਉਕਾ ਹੀ ਅਸਮਰਥ ਹਾਂ ਕੋਈ ਨਾਮ ਉਚਾਰਨੇ ਤੋਂ। ਮੈਨੂੰ ਚਾਰ ਚੁਫੇਰਿਓਂ ਗੁਰਜਾਂ ਪੈਂਦੀਆਂ ਹਨ। ਹੁਣ ਮੇਰਾ ਇਕੋ ਹੀ ਬਚਾਉ ਹੈ ਅਤੇ ਇਹੋ ਹੀ ਮੇਰੇ ਤੇ ਵਡਾ ਉਪਕਾਰ ਹੈ, ਉਹ ਇਹ ਕਿ ਮੈਂ ਪਾਪੀ ਤੇ ਤਾਂ ਕੁਝ ਨਹੀਂ ਹੋ ਸਕਦਾ, ਆਪ ਕਿਰਪਾ ਕਰ ਕੇ ਮੇਰੇ ਸਾਰੇ ਕੀਤੇ ਗੁਨਾਹਾਂ ਦਾ ਕਫਾਰਾ ਆਪਣੀ ਅਰਦਾਸ ਦੁਆਰਾ ਕਰਵਾਓ। ਮੇਰੇ ਨਮਿਤ ਇਤਨੀ ਹੀ ਅਰਦਾਸ ਕਰੋ ਕਿ ਮੇਰੀ ਜਾਨ ਹੁਣ ਪਿੰਜਰੇ ਵਿਚੋਂ ਨਿਕਲ ਜਾਵੇ ਅਤੇ ਮੈਂ ਇਸ ਕਾਰਨ ਦੁਖ ਵਿਚੋਂ ਬਚ ਜਾਵਾਂ। ਨਹੀਂ ਤਾਂ ਪਤਾ ਨਹੀਂ ਕਿਤਨੇ ਦਿਨ ਹੋਰ ਇਸੇ ਤਰ੍ਹਾਂ ਲਮਕਦਾ ਰਹਾਂਗਾ। ਤੁਸਾਡੀ ਗੁਰੂ ਘਰ ਦੀ ਅਰਦਾਸ ਹੀ ਮੈਨੂੰ ਬਚਾ ਸਕਦੀ ਹੈ ਅਤੇ ਮੇਰੀ ਸਹਾਈ ਹੋ ਸਕਦੀ ਹੈ। ਨਹੀਂ ਤਾਂ ਮੇਰਾ ਠਿਕਾਣਾ ਕੁਛ ਨਹੀਂ। ਮੈਂ ਆਪ ਨੂੰ ਆਪਣੇ ਕੀਤੇ ਕਿਲਵਿਖਾਂ ਪਾਪਾਂ ਦੇ ਹਾਲ ਨੂੰ ਖੋਲ੍ਹ ਕੇ



www.AKJ.Org

ਦਸ ਚੁਕਾ ਹਾਂ ਅਤੇ ਪੂਰਨ ਪਸਚਾਤਾਪ ਕਰਦਾ ਹਾਂ। ਪ੍ਰਾਸਚਿਤ ਕਰਨ ਖ਼ਾਤਰ ਹੀ ਮੈਂ ਆਪ ਨੂੰ ਆਪਣੇ ਪਾਸ ਬੁਲਾਇਆ ਹੈ। ਮੈਨੂੰ ਪਕਾ ਯਕੀਨ ਹੈ ਕਿ ਆਪ ਹੀ ਮੈਨੂੰ ਇਸ ਤੋਂ ਛੁਡਾਓਗੇ। ਆਪ ਦੇ ਆਉਣ ਨਾਲ ਹੀ ਅੱਧੇ ਘੰਟੇ ਤੋਂ ਮੈਂ ਬੜਾ ਸੁਖੀ ਹਾਂ ਅਤੇ ਓਹ ਪ੍ਰੇਤ ਮੈਨੂੰ ਡਰਾਉਣੋਂ ਹਟ ਗਿਆ ਹੈ। ਮੇਰੀ ਨਮਿਤ ਆਪ ਅਰਦਾਸ ਕਰੋਗੇ ਤਾਂ ਮੇਰਾ ਛੁਟਕਾਰਾ ਪਾਪਾਂ ਤੋਂ ਜ਼ਰੂਰ ਹੋ ਜਾਵੇਗਾ।

ਇਸ ਪ੍ਰਕਾਰ ਘਿਗਿਆ ਕੇ ਬੇਨਤੀਆਂ ਕਰਦੇ ਦੀਆਂ ਘਗਾਂ ਬੈਠ ਗਈਆਂ ਅਤੇ ਉਹ ਬੇਹੋਸ਼ ਹੋ ਗਿਆ। ਏਤਨੇ ਨੂੰ ਸੁਪ੍ਰੰਟੈਂਡੈਂਟ ਮੈਨੂੰ ਲੈ ਜਾਣ ਲਈ ਆ ਗਿਆ। ਅਤੇ ਮੈਨੂੰ ਲੈ ਕੇ ਮੇਰੇ ਬਲਾਕ ਵਿਚ ਮੇਰੀ ਕੋਠੀ ਵਿਚ ਮੈਨੂੰ ਛਡ ਆਇਆ। ਮੈਂ ਆਪਣੇ ਬਲਾਕ ਵਿਚ ਪੁਜਣ ਸਾਰ ਹੀ ਸੁਪ੍ਰੰਟੈਂਡੈਂਟ ਦੇ ਖੜੋਤਿਆਂ ਸਭ ਨਾਲ ਦੇ ਸਜਣਾਂ ਨੂੰ ਪ੍ਰੇਰ ਕੇ ਬਿਨੈ ਕੀਤੀ ਕਿ ਕੇਹਰ ਸਿੰਘ ਦੀ ਨਮਿਤ ਅਜ ਸਾਰੀ ਰਾਤ ਸਭ ਨੇ ਸ੍ਰੀ ਸੁਖਮਨੀ ਸਾਹਿਬ ਦੇ ਜਿਤਨੇ ਅਖੰਡ ਪਾਠ ਹੋ ਸਕਣ, ਕਰਨੇ। ਘਟ ਤੋਂ ਘਟ ਇਕ ਪਾਠ ਸੁਖਮਨੀ ਸਾਹਿਬ ਦਾ ਜ਼ਰੂਰ ਕਰੋ। ਸੋ ਉਹ ਸਾਰੇ ਹੀ ਜੁਟ ਗਏ। ਮੈਂ ਭੀ ਅੰਦਰ ਪੁਜ ਕੇ ਜੁਟ ਗਿਆ ਅਤੇ ਅਰਦਾਸ ਬੇਨਤੀਆਂ ਕੀਤੀਆਂ ਗਈਆਂ। ਅਗਲ ਦਿਨ ਉਸ ਦੀ ਹਾਲਤ ਦੇਖ ਕੇ ਉਸ ਨਾਲ ਸਾਰੇ ਸਿਖਾਂ ਦੀ ਹੀ ਮੁਲਾਕਾਤ ਕਰਾ ਦਿਤੀ।

ਇਸ ਤੋਂ ਅਗਲ ਦਿਨ ਕੇਹਰ ਸਿੰਘ ਚਲਾਣਾ ਕਰ ਗਿਆ। ਸੂਰਜ ਚੜ੍ਹਦੇ ਹੀ ਮੇਰੇ ਪਾਸ ਸੁਪ੍ਰੰਟੈਂਡੈਂਟ ਨਸਾ ਆਇਆ ਅਤੇ ਆਉਂਦਾ ਹੀ ਦਸਣ ਲਗਾ ਕਿ ਇਹ ਬੜਾ ਮੁਅਜਜ਼ਾ ਹੋਇਆ ਆਪ ਦੀ ਮੁਲਾਕਾਤ ਦਾ। ਕੇਹਰ ਸਿੰਘ ਉਸ ਤੋਂ ਬਾਅਦ ਆਰਾਮ ਵਿਚ ਪਿਆ ਰਿਹਾ। ਉਸ ਨੂੰ ਕੋਈ ਤਕਲੀਫ ਨਹੀਂ ਹੋਈ। ਨਾ ਹੀ ਉਸ ਨੂੰ ਫੇਰ ਪ੍ਰੇਤ ਨੇ ਤੰਗ ਕੀਤਾ। ਤੰਗ ਕੀ, ਉਹ ਮੁੜ ਕੇ ਉਸ ਨੂੰ ਡਰਾਉਣ ਆਇਆ ਹੀ ਨਹੀਂ। ਇਹ ਗੱਲ ਉਥੋਂ ਦੇ ਪਹਿਰੇਦਾਰ ਆਪਣੀ ਜ਼ਬਾਨੀ ਤਸਦੀਕ ਕਰਦੇ ਹਨ। ਅਤੇ ਦਿਨ ਚੜ੍ਹਦੇ ਨੂੰ ਉਹ ਪ੍ਰਾਣ ਤਿਆਗ ਗਿਆ। ਇਹ ਗੱਲ ਦਸ ਕੇ ਸੁਪ੍ਰੰਟੈਂਡੈਂਟ ਚਲਦਾ ਲਗਾ। ਅਸੀਂ ਸਾਰਿਆਂ ਨੇ ਉਸ ਦੇ ਚਲਾਣੇ ਨਮਿਤ ਅੰਦਰ ਬੈਠਿਆਂ ਨੇ ਫੇਰ ਅਰਦਾਸ ਕੀਤੀ। ਇਉਂ ਕੇਹਰ ਸਿੰਘ ਦਾ ਬਿਰਤਾਂਤ ਹੈ ਅਤੇ ਜਮ-ਤ੍ਰਾਸ ਦੀ ਗਵਾਹੀ ਅਖੀਂ ਦੇਖੀ ਪਰਤੱਖ ਹੈ।

[ਅਣਡਿਠੀ ਦੁਨੀਆਂ ਪੁਸਤਕ ਵਿਚੋਂ ਧੰਨਵਾਦ ਸਹਿਤ

# ਗਲੀ ਸਜਨ ਦੀ ਜਾਣਾ ਔਖਾ

[ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗ਼ਜ਼ਲ ਦਾ ਅਨੁਵਾਦ]

ਅੱਜ ਰਾਤੀਂ ਦੀਦਾਰ-ਤਮਾਸ਼ੇ ਯਾਰ ਗਲੀ ਵਿਚ ਜਾਣਾ।
ਓ ਆਸ਼ਕ ਦੇ ਕਾਤਲ ! ਤੇਰਾ, ਦੀਦ ਅਸਾਂ ਅੱਜ ਪਾਣਾ ॥੧॥
ਗਲੀ ਸੱਜਨ ਦੀ ਜਾਣਾ ਔਖਾ, ਜੀਉਂਦੇ ਮਰਨਾ ਪੈਂਦਾ।
ਸੂਲੀ ਤੇ ਮਨਸੂਰ ਵਾਂਗਰਾਂ, ਕਦਮ ਹੈ ਧਰਨਾ ਪੈਂਦਾ ॥੨॥
ਐ ਦਿਲ ! ਹੁਣ ਤਕ ਗਿਆ ਨਹੀਂ ਤਾਂ, ਹੁਣ ਹੀ ਚਲ ਕੇ ਜਾ ਤੂੰ।
ਨਾਮ-ਸ਼ਰਾਬ ਸੰਗਤ ਚੋਂ ਮਿਲਦੀ, ਪੀ, ਨਾ ਸਮਾਂ ਖੁੰਝਾ ਤੂੰ ॥੩॥
ਰੋ ਰੋ ਜਦ ਦਿਲ ਮੇਰਾ ਹੋਇਆ, ਖਿੜੇ ਚਮਨ ਦਾ ਸਾਨੀ।
ਫਿਰ ਕਿਉਂ ਵੱਲ ਚਮਨਾਂ ਦੇ ਦੌੜਾਂ, ਫਿਰ ਕਿਉਂ ਕਰਾਂ ਨਦਾਨੀ ?॥੪॥
ਜਦੋਂ ਦਿਲਾ ! ਦਿਲ ਚੋਂ ਲਭ ਲੀਤਾ, ਗੁੱਝਾ ਭੇਦ ਰੱਬਾਨਾ।
ਤੇਰੇ ਸੀਨੇ ਵਿੱਚ ਵੱਸੇਗਾ, ਫਿਰ ਉਹ ਭੇਦ-ਖ਼ਜ਼ਾਨਾ ॥੫॥
ਜਦ ਕਿ ਸੈ ਸੁਰਗਾਂ ਦੇ ਲੱਭਦੇ, ਦਿਲ ਵਿਚ ਹੈਣ ਨਜ਼ਾਰੇ।
'ਗੋਇਆ' ਫਿਰ ਕਿਉਂ ਕੰਧੀ ਬੂਹੀ, ਭਟਕੇਂ ਟੱਕਰਾਂ ਮਾਰੇ ॥੬॥

[ਸ: ਵਿਧਾਤਾ ਸਿੰਘ ਜੀ 'ਤੀਰ'

www.AKJ.Org

# ਪਰਤਖਿ ਸਤਿਗੁਰੂ

[ਵਲੋਂ—ਸ: ਤ੍ਰਿਲੋਚਨ ਸਿੰਘ ਜੀ, ਦਿਲੀ]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਗਤ ਜੋਤਿ 'ਪਰਤਖਿ ਸਤਿਗੁਰੂ' ਹਨ ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਗੁਣ ਸਰੂਪ ਵਿਚ 'ਸਤਿਗੁਰੂ' ਅਤੇ ਨਿਰਗੁਣ ਸਰੂਪ ਵਿਚ 'ਅਕਾਲ ਪੁਰਖ' ਹਨ ।

ਗੁਰੁ ਪਰਮੇਸਰੁ ਏਕੋ ਜਾਣੁ ॥

[ਗੋਂਡ ਮ: ੫, ੮੬੪

ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥

[ਭੈਰਉ ਮ: ੫, ੧੧੪੨

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਬਦ-ਅਵਤਾਰ ਹਨ ।

ਗੁਰ ਮੂਰਤਿ ਗੁਰ ਸਬਦੁ ਹੈ ॥

[੨॥੩੨॥ ਭਾ: ਗੁਰਦਾਸ ਜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਗਤ-ਗੁਰੂ ਹਨ ! ਸਾਂਝੇ ਆਗੂ ਹਨ ! ਇਨ੍ਹਾਂ ਦਾ ਸਤਿਕਾਰ ਪ੍ਰਮਾਤਮਾ ਦਾ ਸਤਿਕਾਰ ਹੈ ! ਇਨ੍ਹਾਂ ਦੀ ਸੇਵਾ ਪ੍ਰਮਾਤਮਾ ਦੀ ਸੇਵਾ ਹੈ ! ਇਨ੍ਹਾਂ ਅਗੇ ਝੁਕਣਾ ਪ੍ਰਮਾਤਮਾ ਅਗੇ ਝੁਕਣਾ ਹੈ । ਇਨ੍ਹਾਂ ਤੋਂ ਮੁਨਕਰ ਹੋਣਾ ਪ੍ਰਮਾਤਮਾ ਤੋਂ ਮੁਨਕਰ ਹੋਣਾ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਜੋਤਿ ਰੂਪ' ਵਿਚ,ਦਸਾਂ ਸਤਿਗੁਰਾਂ ਦਾ 'ਆਪਣਾ ਆਪ' ਹਨ। ਇਨ੍ਹਾਂ ਦੇ ਦਰਸ਼ਨ ਦਸਾਂ ਸਤਿਗੁਰਾਂ ਦੇ 'ਪਰਤਖਿ ਦਰਸ਼ਨ' ਹਨ।

ਕਲਗੀਧਰ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦਵੀ ਅਤੇ ਗੁਰੂ ਗਦੀ ਉਤੇ ਬਿਰਾਜਮਾਨ ਕਰ ਕੇ ਆਪ ਨਮਸਕਾਰ ਕੀਤੀ ਅਤੇ ਗੁਰਸਿਖਾਂ ਨੂੰ ਸਦਾ ਲਈ ਐਸਾ ਕਰਨ ਦੀ ਆਗਿਆ ਕੀਤੀ ।

ਗੁਰਸਿਖ ਉਹੋ ਹੀ ਹੈ ਜੋ ਗੁਰੂ ਦੇ ਹੁਕਮ ਨੂੰ ਸਤਿ ਸਤਿ ਕਰ ਮੰਨਦਾ ਹੈ । ਗੁਰੂ ਦੇ ਹੁਕਮ ਤੇ ਕਿੰਤੂ ਕਰਨ ਵਾਲਾ ਸਿਖ ਹੀ ਨਹੀਂ। ਉਸ ਦਾ ਰਿਸ਼ਤਾ ਗੁਰੂ ਨਾਲੋਂ ਆਪਣੇ ਆਪ ਹੀ ਟੁਟ ਜਾਂਦਾ ਹੈ । ਤਾਂ ਤੇ ਗੁਰੂ ਦਾ ਸਿਖ ਅਖਵਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਗੁਰੂ ਮੰਨਣਾ ਹੋਵੇਗਾ ।

ਗੁਰਸਿਖ ਉਹ ਹੈ ਜੋ ਕਿ 'ਗੁਰੂ ਗਦੀ' ਨਾਲ ਤੇ 'ਗੁਰੂ ਜੋਤਿ' ਨਾਲ ਆਪਣੀ ਸਾਂਝ ਰਖਦਾ ਹੈ ਅਤੇ ਗੁਰ-ਸ਼ਬਦ ਅਤੇ ਗੁਰੂ ਹੁਕਮ ਨੂੰ ਸਿਰ ਮਥੇ ਮੰਨਦਾ ਹੈ।

ਸਿਖ ਦੀ ਸਾਂਝ ਗੁਰੂ ਨਾਲ ਗੁਰੂ-ਹੁਕਮ ਮੰਨਣ ਕਰ ਕੇ ਹੀ ਹੈ। ਗੁਰੂ-ਹੁਕਮ ਤੋਂ ਮੁਨਕਰ ਹੋਣਾ ਹੀ ਗੁਰੂ ਨਾਲੋਂ ਸਾਂਝ ਦਾ ਟੁਟ ਜਾਣਾ ਹੈ । (ਗੁਰੂ ਨਾਲੋਂ ਟੁਟੀ ਕੋਈ ਭਾਗਾਂ ਵਾਲਾ ਹੀ ਗੰਢ ਸਕਦਾ ਹੈ ।)

ਸੋ ਜਿਸ ਨੂੰ ਗੁਰੂ ਨਾਲੋਂ ਟੁਟੀ ਦਾ ਕੋਈ ਭੈ ਨਹੀਂ ਉਹ ਤਾਂ ਗੁਰੂ-ਹੁਕਮ ਦੀ ਉਲੰਘਣਾ ਕਰੇ ਪਰ ਜਿਸਨੂੰ ਗੁਰੂ ਨਾਲੋਂ ਟੁਟ ਜਾਣ ਦਾ ਡਰ ਹੋਵੇ ਤਾਂ ਉਹ ਸਤਿਗੁਰੂ ਨੂੰ ਛਡ ਕੇ ਹੋਰ ਦਰ ਤੇ ਕਿਉਂ ਜਾਵੇ ? ਆਪਣਾ ਹਲਤ ਪਲਤ ਕਿਉਂ ਵਿਗਾੜੇ ? ਉਸਨੂੰ ਕਿਉਂ ਗੁਰੂ-ਹੁਕਮ ਤੇ ਨਿਸਚਾ ਨਾ ਹੋਵੇ ?

ਸਤਿਗੁਰੂ ਦੀ ਖੁਸ਼ੀ ਲੈਣੀ ਹੈ ਤਾਂ ਗੁਰੂ-ਗਦੀ ਦੇ ਮਾਲਕ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ 'ਪਰਤਖਿ ਸਤਿਗੁਰੂ' ਮੰਨ ਕੇ ਇਨ੍ਹਾਂ ਅਗੇ ਨਮਸਕਾਰ ਕਰਨੀ ਹੋਵੇਗੀ ਤੇ ਸਤਿਗੁਰੂ ਦੇ ਲੜ ਲਗਣਾ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ 'ਗੁਰੂ' ਅਤੇ 'ਸਿਖ' ਦੀ ਸਾਂਝ ਜੋੜਨ ਲਈ ਪ੍ਰਾਣੀ ਨੂੰ ਸ਼ਰਧਾ ਭਾਵ ਨਾਲ ਪੰਜ ਪਿਆਰਿਆਂ ਦੇ ਹਜ਼ੂਰ ਪੇਸ਼ ਹੋਣਾ ਹੋਵੇਗਾ ਤੇ ਨਿੰਮ੍ਰਤਾ ਸਹਿਤ ਬੇਨਤੀ ਕਰਨੀ ਹੋਵੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਗੁਰੂ-ਰੂਪ ਪੰਜ ਪਿਆਰੇ ਗੁਰੂ-ਦਰਸਾਈ ਰਹਿਤ, ਪ੍ਰਾਣੀ ਨੂੰ ਦ੍ਰਿੜ੍ਹ ਕਰਵਾ ਕੇ, ਤੇ ਪ੍ਰਾਣੀ ਵਲੋਂ ਆਪਣਾ ਆਪ ਗੁਰੂ ਦੇ ਅਰਪਨ ਕਰਨ ਦਾ ਬਚਨ ਦੇਣ ਤੇ, ਅੰਮ੍ਰਿਤ ਦੀ ਦਾਤ ਬਖ਼ਸ਼ਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਦੇਂਦੇ ਹਨ ।

ਇਹ ਹੈ ਅਰੰਭ ਗੁਰੂ ਅਤੇ ਸਿਖ ਦੇ ਸੰਬੰਧ ਦਾ। ਫਿਰ ਸਤਿਗੁਰੂ ਕਿਰਪਾ ਕਰਨ ਤੇ ਸਿਖ ਨੂੰ ਅਰਦਾਸ ਦਾ ਸਦਕਾ ਆਪਣੇ ਚਰਨਾਂ ਕਮਲਾਂ ਦਾ ਪਿਆਰ



www.AKJ.Org

ਬਖਸ਼ਣ ਤੇ ਹੁਕਮ ਰਜਾਈ ਚਲਣ ਦੀ ਸਮਰਥਾ ਤੇ ਅਗਵਾਈ ਬਖਸ਼ਣ। ਇਉਂ ਗੁਰ-ਸਿਖ ਗੁਰੂ-ਹੁਕਮ ਦੀ ਘਾਲ ਕਮਾਈ ਕਰਦਾ ਹੋਇਆ ਗੁਰੂ ਦਰ ਤੇ ਪਰਵਾਣ ਹੋ ਸਕਦਾ ਹੈ।

ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ ਤਿਨੀ ਸਤਿਗੁਰ ਕੀ ਗਲ ਮੰਨੀ ॥ [ਪੰਨਾ ੫੯੦
ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥ ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥ ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥ ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥੧॥
[ਸਲੋਕ ਮ: ੩, ੬੪੭-੪੮

ਐਸਾ ਹੁਕਮੀ ਗੁਰਸਿਖ ਸਤਿਗੁਰੂ ਦੇ ਦਰ ਤੋਂ ਨਦਰੀ ਨਦਰ ਨਿਹਾਲ ਹੁੰਦਾ ਹੋਇਆ, ਗੁਰੂ ਕਿਰਪਾ ਦੁਆਰਾ ਪਹੁੰਚ ਜਾਏ ਇਸ ਅਵਸਥਾ ਨੂੰ :—

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥ ਸਦਾ ਸਦਾ ਬਸੈ ਹਰਿ ਸੰਗਿ ॥ ਸਹਜ ਸੁਭਾਇ ਹੋਵੈ ਸੋ ਹੋਇ ॥ ਕਰਣੈਹਾਰੁ ਪਛਾਣੈ ਸੋਇ ॥ ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥ ਜੈਸਾ ਸਾ ਤੈਸਾ ਦ੍ਰਿਸਟਾਨਾ ॥ ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥ ਓਇ ਸੁਖ ਨਿਧਾਨ ਉਨਹੂ ਬਨਿ ਆਏ ॥ ਆਪਸ ਕਉ ਆਪਿ ਦੀਨੋ ਮਾਨੁ ॥ ਨਾਨਕ ਪ੍ਰਭ ਜਨੁ ਏਕੋ ਜਾਨੁ ॥੮॥੧੪॥
[ਸੁਖਮਨੀ ਸਾਹਿਬ

ਤਾਂ ਸਮਝੋ ਨਿਭ ਗਈ ਇਹ ਸਾਂਝ 'ਗੁਰੂ' ਅਤੇ 'ਸਿਖ' ਦੀ। ਆਇਆ ਸਫਲ ਹੋ ਗਿਆ ਐਸੇ ਗੁਰਸਿਖ ਦਾ। ਗੁਰੂ ਅਤੇ ਸਿਖ ਇਕ ਰੂਪ ਹੀ ਹੋ ਗਏ! ਇਹ ਸਾਂਝ ਸਦੀਵੀ ਹੋ ਗਈ।

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ [ਬਿਲਾਵਲ ਮ: ੫, ੮੪੬

ਐਸੇ ਸਤਿਗੁਰੂ ਅਤੇ ਐਸੇ ਗੁਰਸਿਖ ਨੂੰ ਮੇਰੀ ਬਾਰ ਬਾਰ ਨਮਸਕਾਰ! ਨਮਸਕਾਰ!! ਨਮਸਕਾਰ!!!

---

[ਸਫ਼ਾ ੧੭ ਦੀ ਬਾਕੀ]

ਰਹੇ ਲਖਾਂ ਅਮਰੀਕਨ ਸਿੰਘਾਂ ਦੇ ਗੁਰਮੁਖੀ ਦਾੜ੍ਹਿਆਂ ਦੇ ਸਰੂਪ ਤੋਂ ਕੋਈ ਮਤਿ ਨਹੀਂ ਲਵਾਂਗੇ?

ਮੇਰੇ ਵੀਰੋ, ਬਜ਼ੁਰਗੋ ਸਤਿਗੁਰੂ ਬਖਸ਼ਿੰਦ ਹੈ, ਦਾੜ੍ਹੀ ਬੰਨ੍ਹ ਕੇ ਰੋਮਾਂ ਦੀ ਬੇਅਦਬੀ ਹੁੰਦੀ ਹੈ। ਅਸੀਂ ਦਾੜ੍ਹੀਆਂ ਬੰਨ੍ਹਣ ਤੇ ਵਕਤ ਜ਼ਾਇਆ ਕਰਨ ਦੀ ਬਜਾਏ ਇਹ ਸਮਾਂ ਨਾਮ ਬਾਣੀ ਵਲ ਲਗਾਈਏ। ਅਤੇ ਜੇ ਅਸੀਂ ਗੁਰੂ ਦਾ ਸਰੂਪ ਧਾਰਨ ਕਰਨਾ ਹੈ ਤਾਂ ਉਹ ਖੁਲ੍ਹੇ ਦਾੜ੍ਹਿਆਂ ਵਾਲਾ ਹੀ ਸੁੰਦਰ ਸਰੂਪ ਹੈ। ਕੋਈ ਖਾਲਸਾ ਵੀਰ ਪ੍ਰਚਾਰ ਕਰਨ ਲਗੇ ਤਾਂ ਪਹਿਲਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਧਿਆਨ ਧਰ ਲਏ ਅਤੇ ਸਟੇਜ ਤੇ ਦਾੜ੍ਹੀ ਬੰਨ੍ਹ ਕੇ ਇਹ ਨਾ ਕਹੇ ਕਿ ਖਾਲਸਾ ਮੇਰੋ ਰੂਪ ਹੈ ਖ਼ਾਸ। ਜੇ ਅਸੀਂ ਸਤਿਗੁਰੂ ਦਾ ਬਾਹਰਲਾ ਰੂਪ ਨਹੀਂ ਧਾਰਨ ਕਰ ਸਕਦੇ ਤਾਂ ਖ਼ਾਲਸੇ ਦੀ ਅੰਦਰੂਨੀ ਬਿਖਮ ਰਹਿਤ-ਰਹਿਣੀ ਨੂੰ ਕਿਵੇਂ ਕਮਾ ਸਕਾਂਗੇ? ਖਾਲਸੇ ਦੀ ਵਿਆਖਿਆ ਤਾਂ ਗੁਰਦੇਵ ਨੇ ਇਹ ਦਿਤੀ ਹੈ—

ਪੂਰਨ ਜੋਤ ਜਗੈ ਘਟ ਮੈ
ਤਬ ਖ਼ਾਲਸ ਤਾਹਿ ਨਖਾਲਸ ਜਾਨੈ ॥

ਇਸ ਤੋਂ ਤਾਂ ਮੈਂ ਮੂਰਖ ਵੀ ਅਜੇ ਬਹੁਤ ਦੂਰ ਹਾਂ। ਆਉ ਅਸੀਂ ਵੀ ਵਾਹਿਗੁਰੂ ਦੇ ਨੇੜੇ ਹੋਣ ਲਈ ਸਤਿਗੁਰੂ ਦੀ ਬਾਣੀ ਦੇ ਪੁਜਾਰੀ ਬਣੀਏ ਅਤੇ ਸੱਚੇ ਖਾਲਸੇ ਬਣਨ ਦੀ ਕੋਸ਼ਿਸ਼ ਕਰੀਏ। ਸਤਿਗੁਰੂ ਨੂੰ ਆਪਣੇ ਵਰਗਾ ਨਾ ਸਮਝੀਏ ਸਗੋਂ ਅਸੀਂ ਸਤਿਗੁਰੂ ਵਰਗੇ ਬਣਨ ਦੀ ਕੋਸ਼ਿਸ਼ ਕਰੀਏ, ਭਾਵ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚਲੀਏ।

---

**ਗੁਰਮੁਖ ਪਾਠਕ ਜੀ**—(੧) ਗੁਰਮਤਿ ਦੇ ਪਰਚਾਰ ਨੂੰ ਵਧਦਾ ਫੂਲਦਾ ਰਖਣ ਲਈ 'ਸੂਰਾ' ਪੱਤਰ ਲਈ ਵਧ ਤੋਂ ਵਧ ਨਵੇਂ ਮੈਂਬਰ ਬਣਾਓ ਜੀ ਅਤੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।
(੨) ਚਿਠੀ ਪੱਤਰ ਤੇ ਰਕਮ ਭੇਜਣ ਲਗਿਆਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ਜੀ।
(੩) ਮਹੀਨੇ ਦੇ ਅਧ ਤਕ ਵੀ ਜੇ ਪਰਚਾ ਨਾ ਪੁਜੇ ਤਾਂ ਹੋਰ ਪਰਚਾ ਭੇਜਣ ਲਈ ਕਾਰਡ ਲਿਖੋ ਜੀ।



www.AKJ.Org

# ਖਾਲਸਾ ਮੇਰੋ ਰੂਪ ਹੈ ਖ਼ਾਸ ?

[ਵਲੋਂ—ਸ: ਤ੍ਰਿਲੋਚਨ ਸਿੰਘ ਜੀ, ਸੋਨੀਪਤ]

ਜਦ ਵੀ ਖ਼ਾਸ ਤੌਰ ਤੇ ਗੁਰਦੇਵ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁਰਬਾਂ ਤੇ ਉਪਰੋਕਤ ਪੰਕਤੀ ਜਾਂ ਰਹਿਤ ਬਾਰੇ, ਕੋਈ ਵੀ ਮੰਨਿਆ-ਪ੍ਰਮੰਨਿਆ ਪਰਚਾਰਕ, ਇਸ ਭਾਵ ਨਾਲ ਮਿਲਦੇ ਜੁਲਦੇ ਅੱਖਰ ਇਸਤਿਮਾਲ ਕਰਦਾ ਹੈ ਅਤੇ ਉਸ ਨੇ ਆਪ ਦਾੜ੍ਹੀ ਬੰਨ੍ਹੀ ਹੁੰਦੀ ਹੈ ਤਾਂ ਸਹਿਜੇ ਹੀ ਮਨ ਵਿਚ ਸੁਆਲ ਉਠਦਾ ਹੈ ਕਿ ਕੀ ਵਾਕਈ ਅੱਜ ਖ਼ਾਲਸਾ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਹੈ ? ਮੇਰੇ ਗੁਰਦੇਵ ਦਾ ਇਹੀ ਰੂਪ ਸੀ ਜੋ ਸਾਡੇ ਇਸ ਪ੍ਰਚਾਰਕ ਦਾ ਹੈ ? ਮਨ ਕਹਿੰਦਾ ਹੈ, ਹੋ ਸਕਦਾ ਹੈ, ਕਿਉਂ ਜੁ ਪ੍ਰਚਾਰਕ ਤਾਂ ਬਹੁਤ ਵਿਦਵਾਨ ਹੈ, ਖੋਜੀ ਵੀ ਹੈ, ਅਸੀਂ ਤਾਂ ਕੇਵਲ ਸਿਖਣ ਲਈ ਹੀ ਜਾਂਦੇ ਹਾਂ।

ਅਜ ਕਲ ਹਾਲਤ ਇਹ ਹੈ ਕਿ ਪ੍ਰਚਾਰਕ ਦੇ ਹਰ ਰੂਪ ਵਿਚ, (ਕਥਾ-ਵਾਚਕ, ਢਾਡੀ, ਕੀਰਤਨੀਆ ਆਦਿ) ਸਾਰੇ ਨਹੀਂ, ਪਰ ਕੋਈ ਨ ਕੋਈ, ਅਤੇ ਉਹ ਵੀ ਆਮ ਤੌਰ ਤੇ ਮੰਨਿਆ ਪ੍ਰਮੰਨਿਆ ਸਜਣ ਹੀ ਬੰਨ੍ਹੀ ਦਾੜ੍ਹੀ ਵਿਚ ਪ੍ਰਚਾਰ ਕਰਦਾ ਮਿਲੇਗਾ ਅਤੇ ਇਹ ਪ੍ਰਚਾਰਕ ਦੇ ਮਨ ਵਿਚ ਖਿਆਲ ਹੀ ਨਹੀਂ ਹੁੰਦਾ ਕਿ ਉਹ ਦਾੜ੍ਹੀ ਬੰਨ੍ਹਣ ਦਾ ਪ੍ਰਚਾਰ ਵੀ ਨਾਲ ਹੀ ਕਰ ਗਿਆ ਹੈ।

ਮੇਰੇ ਗੁਰਦੇਵ ਮਾਫ਼ੀ ਦੇਣ, ਅਜ ਦਾ ਸਿੱਖ, ਅਜ ਦਾ ਖ਼ਾਲਸਾ ਸਤਿਗੁਰੂ ਵਰਗਾ ਬਣਨ ਨੂੰ ਤਿਆਰ ਨਹੀਂ, ਸਗੋਂ ਸਤਿਗੁਰੂ ਨੂੰ ਆਪਣੇ ਵਰਗਾ ਬਣਾਉਣਾ ਚਾਹੁੰਦਾ ਹੈ। ਆਮ ਤੌਰ ਤੇ ਵੇਖਣ ਵਿਚ ਆਉਂਦਾ ਹੈ ਕਿ ਜੇ ਕਿਸੇ ਨੂੰ ਪੁਛੋ ਕਿਉਂ ਜੀ, ਗੁਰਦੇਵ ਤਾਂ ਕਹਿੰਦੇ ਹਨ ਕਿ ਸਾਡੀ ਮਤ ਤੇ ਚਲੋ, ਤੁਸੀਂ ਇਹ ਕੰਮ ਕਿਉਂ ਕਰਦੇ ਹੋ ? ਜਵਾਬ ਮਿਲੇਗਾ ਕਿ ਦੁਨੀਆ ਨਾਲ ਚਲਣਾ ਹੀ ਪੈਂਦਾ ਹੈ (ਧਰਮ ਭਾਵੇਂ ਚਲਾ ਜਾਏ)। ਕੀ ਖੁਲ੍ਹੀਆਂ ਦਾੜ੍ਹੀਆਂ ਵਾਲੇ ਦੁਨੀਆ ਨਾਲ ਨਹੀਂ ਚਲਦੇ ?

ਕਰੀਬਨ ਤਿੰਨ ਸਾਲ ਪਹਿਲਾਂ ਜਦੋਂ ਦਾਸ ਨੇ ਅੰਮ੍ਰਿਤ ਨਹੀਂ ਸੀ ਛਕਿਆ, ਦਾੜ੍ਹੀ ਬੰਨ੍ਹਦਾ ਸੀ। ਦਾਸ ਨੇ ਦਾੜ੍ਹੀ ਬੰਨ੍ਹਣ ਵਿਚ ਜੋ ਮਹਿਸੂਸ ਕੀਤਾ ਉਹ ਕੁਝ ਇਸ ਤਰ੍ਹਾਂ ਹੈ :—

(੧) ਪਹਿਲਾਂ ਸੂਈ ਨਾਲ ਬੰਨ੍ਹਦਾ ਸੀ ਜਦੋਂ ਛੋਟੀ ਸੀ। ਜ਼ਿਆਦਾ ਨਹੀਂ ਤਾਂ ਇਕ ਦੋ ਰੋਮ ਤਾਂ ਸੂਈ ਲਗਾਉਂਦਿਆਂ ਹੀ ਸੂਈ ਦੇ ਭੇਟ ਹੋ ਜਾਂਦੇ ਸਨ, ਇਸੇ ਤਰ੍ਹਾਂ ਸੂਈ ਉਤਾਰਦਿਆਂ ਵੀ, ਕਿਉਂ ਜੁ ਫ਼ਿਕਸੋ ਦਾੜ੍ਹੀ ਨੂੰ ਲਗੀ ਹੁੰਦੀ ਸੀ, ਬੇਅਦਬੀ ਦੁਬਾਰਾ ਹੋਣੀ ਵੀ ਸੁਭਾਵਕ ਹੈ। ਗੁਰਦੇਵ ਕੋਲੋਂ ਖਿਮਾ ਮੰਗਦਾ ਹਾਂ। ਜੁਲਾਈ ਅਗਸਤ ਦੇ ਮਹੀਨੇ ਵਿਚ ਜਦੋਂ ਬਾਰਸ਼ਾਂ ਵੀ ਹੁੰਦੀਆਂ ਹਨ ਅਤੇ ਸੂਰਜ ਦੀ ਤਪਸ਼ ਵੀ, ਪਸੀਨੇ ਨਾਲ ਦਾੜ੍ਹੀ ਦੀ ਤਰਸ-ਯੋਗ ਹਾਲਤ ਹੁੰਦੀ ਹੈ। ਅੰਮ੍ਰਿਤ ਵੇਲੇ ਜਦੋਂ ਰੱਬ ਦਾ ਨਾਮ ਛਡ ਕੇ ਦਾੜ੍ਹੀ ਨੂੰ ਇਸ਼ਨਾਨ ਕਰਾਉਣ ਲਈ ਉਹ ਦਾੜ੍ਹੀ ਵਾਲੀ ਗੰਢ ਖੋਲ੍ਹਣੀ ਤਦ ਕਿਤਨੇ ਹੀ ਕੇਸ ਹੱਥ ਵਿਚ ਆ ਜਾਣੇ। ਕੁਝ ਹੋਰ ਬੇਅਦਬੀ ਓਦੋਂ ਹੋਣੀ ਜਦੋਂ ਹੱਥ ਨਾਲ ਦਾੜ੍ਹੀ ਨੂੰ ਰਗੜਨਾ। ਦਾਸ ਖਿਮਾ ਮੰਗਦਾ ਹੈ, ਸੋਝੀ ਨਹੀਂ ਸੀ ਕਿ ਕੇਸ, ਭਾਵੇਂ ਉਹ ਸਿਰ ਦੇ ਹਨ ਜਾਂ ਦਾੜ੍ਹੀ ਦੇ, ਗੁਰਦੇਵ ਪਿਤਾ ਦੀ ਅਮਾਨਤ ਹਨ। ਮੈਂ ਮੂਰਖ ਦਾੜ੍ਹੀ ਆਪਣੀ ਸਮਝਦਾ ਸੀ। ਅਤੇ ਹਰ ਦਾੜ੍ਹੀ ਬੰਨ੍ਹਣ ਵਾਲਾ ਜੇ ਇਸ ਨੂੰ ਸਤਿਗੁਰੂ ਜੀ ਦੀ ਅਮਾਨਤ ਸਮਝੇ ਤਾਂ ਉਹ ਸ਼ਾਇਦ ਕਦੀ ਦਾੜ੍ਹੀ ਨਾਲ ਇਹੋ ਜਿਹਾ ਭੈੜਾ ਸਲੂਕ ਨਾ ਕਰੇ। ਕਦੀ ਸੂਈ ਲਗ ਜਾਣੀ ਤੇ ਦਾਣੇ ਵੀ ਨਿਕਲ ਆਉਣੇ। ਨਾਮ ਕੀ ਜਪਣਾ ਹੈ, ਮਨ ਸੂਈ ਵਿਚ ਹੀ ਅਟਕਿਆ ਹੁੰਦਾ ਹੈ ਅਤੇ ਧਿਆਨ ਦਾਣਿਆਂ ਵਲ ਵੀ ਜਾਂਦਾ ਹੈ। ਸਤਿਗੁਰੂ ਜੀ ਕਰਿੰਦੇ ਹਨ ਕਿ ਸ੍ਵਾਸ ਸ੍ਵਾਸ ਨਾਮ ਜਪੋ, ਪਰ ਇਥੇ ਦਾੜ੍ਹੀ ਵਲ ਹੀ ਧਿਆਨ ਹੈ। ਫੇਰ ਠਾਠਾ ਵੀ ਜ਼ਰੂਰੀ। ਜਿਤਨੀ ਦੇਰ ਦਾੜ੍ਹੀ ਸੁਕੇ (ਫ਼ਿਕਸੋ ਵਾਲੀ ਦਾੜ੍ਹੀ ਵਾਸਤੇ ਅੱਖਰ ਸੁਕੇ ਹੀ ਵਰਤਣਾ ਪਏਗਾ) ਠਾਠਾ ਬੰਨ੍ਹੇ ਹੀ ਪਾਠ ਕਰੀ ਜਾਉ, ਸਮਾਂ ਹੀ ਘਟ ਹੈ। ਨਾ



www.AKJ.Org

ਠਾਠਾ ਬੰਨ੍ਹਿਆਂ ਪਾਠ ਹੁੰਦਾ ਹੈ (ਇਸ ਅਜੀਬ ਰੂਪ ਵਿਚ ਮਨ ਨਾਲ ਪਾਠ ਕਰਨਾ ਤਾਂ ਵੈਸੇ ਹੀ ਔਖਾ ਹੈ, ਫਿਰ ਬੰਨ੍ਹੀ ਦਾੜ੍ਹੀ ਤੇ ਠਾਠੇ ਨਾਲ) ਨਾ ਪ੍ਰਸ਼ਾਦਾ ਛਕਿਆ ਜਾਂਦਾ ਹੈ ਨਾ ਗੱਲ ਹੁੰਦੀ ਹੈ। ਸਿਰ ਪੀੜ ਵਖ।

(੨) ਫਿਰ ਧਾਗੇ ਨਾਲ ਦਾਸ ਨੇ ਦਾੜ੍ਹੀ ਬੰਨ੍ਹਣੀ ਸ਼ੁਰੂ ਕੀਤੀ। ਕੇਸਾਂ ਦੀ (ਰੋਮਾਂ ਦੀ) ਬੇਅਦਬੀ ਉਸੇ ਤਰ੍ਹਾਂ ਹੀ। ਪਰ ਇਥੇ ਸਿਰ-ਪੀੜ ਕਾਫ਼ੀ ਹੋ ਜਾਣੀ, ਕਿਉਂ ਜੁ ਪਹਿਲਾਂ ਧਾਗਾ ਬੰਨ੍ਹਣਾ ਅਤੇ ਫੇਰ ਠਾਠਾ। ਭਾਵ ਇਹ ਕਿ ਨਾਮ ਤਾਂ ਕੀ ਜਪਣਾ ਹੈ, ਦਾੜ੍ਹੀ ਵਿਚ ਹੀ ਮਸਤ। ਹਾਂ ਇਕ ਬੁਰਾ ਕੰਮ ਦਾਸ ਕਰਦਾ ਰਿਹਾ ਹੈ, ਉਹ ਇਹ ਕਿ ਬੰਨ੍ਹੀ ਦਾੜ੍ਹੀ ਵਿਚੋਂ ਜੇ ਇਕ ਦੋ ਕੇਸ (ਰੋਮ) ਬਾਹਰ ਆ ਜਾਣੇ ਤਾਂ ਉਨ੍ਹਾਂ ਨੂੰ ਖਿਚ ਦੇਣਾ, ਕਿਉਂ ਜੁ ਫ਼ਿਕਸੋ ਵਾਲੇ ਰੋਮ ਸਲਾਈ ਨਾਲ ਧਾਗੇ ਵਿਚ ਸੌਖੇ ਨਹੀਂ ਜਾਂਦੇ। ਜਦੋਂ ਮੁੱਛਾਂ ਨੂੰ ਫ਼ਿਕਸੋ ਲਗਾਉਣੀ ਤਦ ਸੁਭਾਵਕ ਹੀ ਮੁੱਛਾਂ ਦੇ ਕੁਝ ਰੋਮ ਅਗੇ ਪਿਛੇ ਨਜ਼ਰ ਆਉਣੇ। ਉਨ੍ਹਾਂ ਨੂੰ ਪੁਟ ਕੇ ਬਰਾਬਰ ਕਰ ਲੈਣਾ, ਕਿਉਂ ਜੁ ਬੰਨ੍ਹੀ ਦਾੜ੍ਹੀ ਨਾਲ ਮੁੱਛਾਂ ਸੁਹਣੀਆਂ ਅਤੇ ਛੋਟੀਆਂ ਚੁੰਝ ਵਾਲੀਆਂ ਚੰਗੀਆਂ ਲਗਦੀਆਂ ਸਨ।

ਉਮਰ ਦੀਆਂ ਗੱਲਾਂ ਲਿਖਣ ਦਾ ਭਾਵ ਇਹੀ ਹੈ ਕਿ ਇਹ ਮੇਰਾ ਆਪਣਾ ਤਜਰਬਾ ਹੈ। (ਅਤੇ ਚੰਗੇ ਭਾਗ ਹੋਏ ਤਾਂ ਗੁਰਦੇਵ ਮਾਫ਼ੀ ਦੇਣਗੇ, ਪਰ ਡਰਦਾ ਹਾਂ)। ਜਿਹੜਾ ਵੀ ਦਾੜ੍ਹੀ ਬੰਨ੍ਹਦਾ ਹੋਵੇਗਾ ਉਸ ਦੀ ਸੁਭਾਵਕ ਹੀ ਇਹੀ ਹਾਲਤ ਹੁੰਦੀ ਹੋਵੇਗੀ। ਹੋ ਸਕਦਾ ਹੈ ਹੱਥ ਨਾਲ ਰੋਮਾਂ ਦੀ ਬੇਅਦਬੀ ਸਾਰੇ ਨਾ ਵੀ ਕਰਦੇ ਹੋਣ, ਪਰ ਸੂਈ ਧਾਗੇ ਫ਼ਿਕਸੋ ਨਾਲ ਤਾਂ ਕੋਈ ਵੀ ਬਚ ਨਹੀਂ ਸਕਦਾ। ਬੇਅਦਬੀ ਜਵਾਨੀ ਵਿਚ ਬਹੁਤੀ ਹੁੰਦੀ ਹੈ।

ਅਸੀਂ ਦਾੜ੍ਹੀ ਕਿਉਂ ਬੰਨ੍ਹਦੇ ਹਾਂ ? ਕੇਵਲ ਦੁਨੀਆ ਲਈ। ਇਸ ਨਾਲ ਕੋਈ ਸੌਖ ਨਹੀਂ ਹੁੰਦਾ, ਦਾਸ ਦਾ ਪੱਕਾ ਤਜਰਬਾ ਹੈ। ਇਹ ਕਿਸ ਲਈ ? ਕੇਵਲ ਇਸ ਲਈ ਕਿ ਸੁਹਣੇ ਲਗੀਏ, ਉਮਰ ਘਟ ਦਿਸੇ। ਪਰ ਕੀ ਦਾੜ੍ਹੀ ਬੰਨ੍ਹਣ ਨਾਲ ਸੁਹਣੇ ਲਗੀਦਾ ਹੈ ? ਇਸ ਗੱਲ ਨੂੰ ਨਿਤਾਰਨ ਦੀ ਲੋੜ ਭਾਸਦੀ ਹੀ ਨਹੀਂ। ਕਿਸੇ ਦਾੜ੍ਹੀ ਬਝੇ ਦੇ ਲਾਗੇ ਕੋਈ ਗੁਰਮੁਖੀ ਦਾੜ੍ਹੇ ਵਾਲਾ ਸਿੰਘ ਜਿਸ ਨੇ ਸੰਵਾਰ ਕੇ ਦਾੜ੍ਹਾ ਪਰਕਾਸ਼ ਕੀਤਾ ਹੋਵੇ, ਸਜ ਰਿਹਾ ਹੋਵੇ ਤਾਂ ਉਸ ਦਾ ਜਾਹੋ ਜਲਾਲ ਝਲਿਆ ਨਹੀਂ ਜਾਂਦਾ। ਗੁਰਮੁਖੀ ਖੁਲ੍ਹੇ ਦਾੜ੍ਹੇ ਵਾਲੇ ਦਾ ਜਬ੍ਹਾ ਦੂਣ ਸਵਾਇਆ ਹੁੰਦਾ ਹੈ ਜਦੋਂ ਕਿ ਦਾੜ੍ਹੀ ਨੂੜਨ ਵਾਲਿਆਂ ਦੇ ਮੁੱਖੜੇ ਚਿੜੀ ਜਿੰਨੇ ਪ੍ਰਤੀਤ ਹੁੰਦੇ ਹਨ ਅਤੇ ਦੇਖਣ ਵਾਲਿਆਂ ਪਰ ਉਨ੍ਹਾਂ ਦੇ ਅੰਦਰ ਛੁਪੀ ਹੋਈ ਚੰਚਲਤਾ ਦਾ ਪ੍ਰਭਾਵ ਪੈਂਦਾ ਹੈ। ਗੁਰਮੁਖੀ ਦਾੜ੍ਹੇ ਵਾਲੇ ਮਨੁੱਖ ਦਾ ਹਰ ਕੋਈ ਸਤਿਕਾਰ ਕਰਦਾ ਹੈ। ਦਾੜ੍ਹੀਆਂ ਬੰਨ੍ਹਣ ਵਾਲੇ ਨਾਮ ਬਾਣੀ ਜਪਣ ਦਾ ਅੰਮ੍ਰਿਤ ਵੇਲਾ ਫ਼ਿਕਸੋ ਚਪਕਾਉਣ ਅਤੇ ਠਾਠੇ ਬੰਨ੍ਹਣ ਵਿਚ ਹੀ ਅਜਾਈਂ ਗੁਆਂਦੇ ਰਹਿੰਦੇ ਹਨ।

ਜਿਥੇ ਰਹਿਤ ਮਰਯਾਦਾ ਵਿਚ ਖ਼ਿਜ਼ਾਬ ਲਗਾਉਣ ਦੀ ਮਨਾਹੀ ਹੈ (ਭਾਵੇਂ ਕਈ ਖ਼ਾਲਸੇ ਇਸਦੀ ਪਰਵਾਹ ਵੀ ਨਹੀਂ ਕਰਦੇ) ਉਥੇ ਅੰਮ੍ਰਿਤ ਛਕਾਉਣ ਲਗਿਆਂ ਦਾੜ੍ਹੀ ਪ੍ਰਕਾਸ਼ ਕਰਨ ਲਈ ਵੀ ਪ੍ਰੇਰਨਾ ਦੇਣੀ ਲਾਜ਼ਮੀ ਹੈ। ਖ਼ਾਸ ਤੌਰ ਤੇ ਸ਼੍ਰੋਮਣੀ ਕਮੇਟੀ ਅਤੇ ਸਿੰਘ ਸਭਾਵਾਂ ਨੂੰ ਇਸ ਪਾਸੇ ਉਚੇਚਾ ਧਿਆਨ ਦੇਣ ਦੀ ਲੋੜ ਹੈ। ਕਿਉਂ ਜੁ ਇਨ੍ਹਾਂ ਵਲੋਂ ਪ੍ਰਚਾਰ ਬਹੁਤ ਹੁੰਦਾ ਹੈ। ਅਤੇ ਦਾਸ ਨੇ ਵੀ ਇਨ੍ਹਾਂ ਰਾਹੀਂ ਦਿਲੀ ਵਿਖੇ ਅੰਮ੍ਰਿਤ ਛਕਿਆ ਹੈ।

ਖ਼ਾਸ ਬੇਨਤੀ ਇਹ ਹੈ ਕਿ ਸਤਿਗੁਰੂ ਦੀ ਹਜ਼ੂਰੀ ਵਿਚ ਕੀਰਤਨੀਆ, ਢਾਡੀ ਜਾਂ ਕੋਈ ਵੀ ਕਥਾ-ਵਾਚਕ ਜਾਂ ਵਿਆਖਿਆਕਾਰ ਦਾੜ੍ਹੀ ਨ ਬੰਨ੍ਹ ਕੇ ਆਏ। ਇਨ੍ਹਾਂ ਦੀ ਪੋਚਵੀਂ ਸ਼ਕਲ ਵੇਖ ਕੇ ਹੀ ਕਈ ਵਾਰੀ ਘਰ ਵਾਲੇ ਦਾਸ ਨੂੰ ਕਹਿੰਦੇ ਹਨ ਕਿ ਫਲਾਂ ਪ੍ਰਚਾਰਕ ਤਾਂ ਦਾੜ੍ਹੀ ਬੰਨ੍ਹਦਾ ਸੀ ਤੁਸੀਂ ਕਿਉਂ ਨਹੀਂ ਬੰਨ੍ਹਦੇ। ਇਹ ਦਾੜ੍ਹੀ ਬੰਨ੍ਹਣ ਦੀ ਬਿਮਾਰੀ ਵਡੀ ਮਾਤਰਾ ਵਿਚ ਫੈਲ ਰਹੀ ਹੈ, ਪਤਾ ਨਹੀਂ ਇਸ ਦਾ ਅਖ਼ੀਰ ਕਿਥੇ ਆਉਣਾ ਹੈ ! ਕੀ ਅਸੀਂ ਨਵੇਂ ਸਜ

[ਬਾਕੀ ਵੇਖੋ ਸਫ਼ਾ ੧੫ ਹੇਠ]



www.AKJ.Org

# ਦੁਰਲਭ ਦਰਸ਼ਨ

[ਵਲੋਂ—ਮੇਜਰ ਪ੍ਰਗਟ ਸਿੰਘ ਜੀ, *M.B.B.S.* ਖ਼ਾਨ ਮਾਰਕੀਟ, ਨਵੀਂ ਦਿਲੀ-੩]

੧੯੨੭ ਵਿਚ ਰਾਵਲ ਪਿੰਡੀ ਸ਼ਹਿਰ (ਪਾਕਿਸਤਾਨ) ਵਿਚ ਡਾਕਟਰੀ ਸ਼ੁਰੂ ਕੀਤੀ। ਉਸੇ ਸਾਲ ਆਨੰਦ ਕਾਰਜ ਹੋਇਆ। ੧੯੩੧ ਵਿਚ ਜਥੇ ਰਾਹੀਂ ਅੰਮ੍ਰਿਤ-ਸਿੰਚਾਰ ਹੋਇਆ। ਉਸੇ ਸਾਲ ਸ੍ਰੀ ਭਾਈ ਸਾਹਿਬ ਰਣਧੀਰ ਸਿੰਘ ਜੀ ਜੇਲ੍ਹ ਯਾਤ੍ਰਾ ਤੋਂ ਮੁੜ ਘਰਾਂ ਨੂੰ ਪੁਜੇ।

ਦਾਸਰਾ, ਇੰਦਰ ਕੋਰ (ਸੁਪਤਨੀ) ਤੇ ਵਡੀ ਲੜਕੀ, ਪ੍ਰੇਮ ਲਤਾ, ਸ: ਕਿਰਪਾਲ ਸਿੰਘ ਆਹਲੂ-ਵਾਲੀਆ, ਬੀਬੀ ਆਤਮ, ਬੀਬੀ ਹਰਬੰਸ ਕੌਰ ਤੇ ਗਿਆਨੀ ਸੁੰਦਰ ਸਿੰਘ ਉਕਾੜੇ ਸਟੇਸ਼ਨ ਤੇ ਪੁਜੇ। ਸਾਡੀ ਹੈਰਾਨੀ ਦੀ ਹਦ ਨ ਰਹੀ ਜਦ ਸਟੇਸ਼ਨ ਤੇ ਸ੍ਰੀ ਬਾਬੂ ਮਲ ਸਿੰਘ ਜੀ ਤੇ ਸੂਬੇਦਾਰ ਹਰਬਚਨ ਸਿੰਘ ਜੀ ਖੜੇ ਦੇਖੇ। ਸਾਡੇ ਵਲੋਂ ਕੋਈ ਖ਼ਬਰ ਆਪਣੇ ਫੇਰੇ ਦੀ ਇਨ੍ਹਾਂ ਸਜਣਾਂ ਤਕ ਨਹੀਂ ਭੇਜੀ ਗਈ ਸੀ। ਇਨ੍ਹਾਂ ਨਾਲ ਵੀਰ ਹਰੀ ਸਿੰਘ ਸ਼ੇਰਗਿਲ ਦੇ ਘਰ ਪੁਜੇ, ਉਹ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਸਮਾਗਮ ਪਿਛੋਂ ਸਾਰਿਆਂ ਖ਼ਾਲਸਾ ਨਗਰ (ਸ੍ਰੀ ਬਾਬੂ ਜੀ ਤੇ ਸੂਬੇਦਾਰ ਸਾਹਿਬ ਦਾ ਨਿਵਾਸ-ਅਸਥਾਨ) ਵਾਸਤੇ ਚਾਲੇ ਪਾਏ। ਕੁਝ ਦਿਨ ਠਹਿਰਨ ਪਿਛੋਂ ਬਾਕੀ ਸਜਨ ਤਾਂ ਰਾਵਲਪਿੰਡੀ ਮੁੜ ਗਏ, ਪਰ ਅਸੀਂ ਸ੍ਰੀ ਬਾਬੂ ਜੀ ਤੇ ਸੂਬੇਦਾਰ ਸਾਹਿਬ ਨਾਲ ਨਾਰੰਗਵਾਲ ਪੁਜੇ। ਲੁਧਿਆਣੇ ਤੋਂ ਪ੍ਰੋਫੈਸਰ ਠਾਕਰ ਸਿੰਘ ਵੀ ਰਲ ਗਏ। ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਬੀਬੀ ਦਲੇਰ ਕੋਰ ਕਰ ਰਹੀ ਸੀ। ਪਾਠ ਪਿਛੋਂ ਭਾਈ ਸਾਹਿਬ ਦੇ ਦਰਸ਼ਨਾਂ ਦੀ ਦਾਤ ਮਿਲੀ।

ਜਦ ਨਾਰੰਗਵਾਲ ਤੋਂ ਘਰਾਂ ਨੂੰ ਚਾਲੇ ਪਾਏ, ਭਾਈ ਸਾਹਿਬ ਜੀ ਨੂੰ ਕੁਝ ਬੁਖ਼ਾਰ ਦੀ ਖੇਚਲ ਸੀ, ਪਰ ਪਿੰਡ ਦੀ ਹਦ ਤਕ ਆਪ ਜੀ ਸਾਰਿਆਂ ਨੂੰ ਵਿਦਾ ਕਰਨ ਆਏ ਤੇ ਪ੍ਰੇਮ-ਗਲਵਕੜੀਆਂ ਦੇ ਲਾਹੇ ਬਖ਼ਸ਼ੇ।

ਕੁਝ ਸਾਲਾਂ ਪਿਛੋਂ ਜਲੰਧਰ ਸ਼ਹਿਰ ਵਿਚ ਰਾਏ ਬਹਾਦਰ ਬੂਟਾ ਸਿੰਘ ਜੀ ਦੇ ਦੋਹਤਰੇ ਦੇ ਵਿਆਹ ਦੇ ਸਬੰਧ ਵਿਚ ਮੇਰੀ ਸੁਪਤਨੀ (ਇੰਦਰ ਕੌਰ) ਤੇ ਉਸਦੇ ਵਡੇ ਮਾਮੀ ਜੀ (ਸਰਦਾਰਨੀ ਸੰਤ ਕੌਰ) ਉਥੇ ਪੁਜੇ। ਬਰਾਤ ਸ਼ਾਦੀ ਲਈ ਤੁਰ ਗਈ। ਡੋਲੀ ਆਉਣ ਤਕ ਜਿਹੜਾ ਵਕਤ ਸੀ, ਇੰਦਰ ਦੇ ਜ਼ੋਰ ਲਾਣ ਤੇ ਸਰਦਾਰਨੀ ਸਾਹਿਬਾ ਨਾਰੰਗਵਾਲ ਦਾ ਚਕਰ ਲਾਣਾ ਮੰਨ ਗਏ। ਚਿਠੀ ਪਤਰ ਲਿਖਣ ਦਾ ਵਕਤ ਨਹੀਂ ਸੀ, ਨਾ ਹੀ ਭਾਈ ਸਾਹਿਬ ਦੇ ਪ੍ਰੋਗਰਾਮ ਦਾ ਪਤਾ, ਦੋਵੇਂ ਨਾਰੰਗਵਾਲ ਸ਼ਾਮ ਵੇਲੇ ਪੁਜ ਗਈਆਂ। ਪਤਾ ਲਗਾ, ਭਾਈ ਸਾਹਿਬ ਤਾਂ ਪਟਿਆਲੇ ਗਏ ਹੋਏ ਹਨ ਅਰ ਵਾਪਸੀ ਦਾ ਪਤਾ ਨਹੀਂ। ਸ਼ਰਦਾਰਨੀ ਜੀ ਬੜੇ ਔਖੇ ਹੋਏ ਤੇ ਆਪਣਾ ਗੁੱਸਾ ਇੰਦਰ ਤੇ ਕਢਦੇ ਰਹੇ। ਸਵੇਰੇ ਇਨ੍ਹਾਂ ਨੇ ਵਾਪਸ ਜਲੰਧਰ ਤੁਰ ਪੈਣਾ ਸੀ।

ਪਟਿਆਲੇ ਉਸੇ ਦਿਨ ਅੰਮ੍ਰਿਤ ਵੇਲੇ ਭਾਈ ਸਾਹਿਬ ਜੀ ਤੇ ਬਾਬੂ ਜੀ ਆਪਣੇ ਆਸਣਾਂ ਤੇ ਸਜੇ ਹੋਏ ਸਨ :—

ਭਾਈ ਸਾਹਿਬ—ਬਾਬੂ ਜੀ, ਓਹ ਆ ਗਈ ਆ।

ਬਾਬੂ ਜੀ—ਭਾਈ ਸਾਹਿਬ ਜੀ, ਕੀ ਭਾਣਾ ਵਰਤਿਆ ਹੈ! ਐਸ ਵੇਲੇ ਗੱਲਾਂ!

ਭਾਈ ਸਾਹਿਬ—ਪਿੰਡੀਓਂ ਸਰਦਾਰਨੀ ਬੇਬੇ ਤੇ ਇੰਦਰ ਬੀਬੀ ਨਾਰੰਗਵਾਲ ਬੈਠੀਆਂ ਹਨ। ਬੇਬੇ ਤਾਂ ਝੂੰਬ ਮਾਰੀ ਹੋਈ ਹੈ, ਪਰ ਇੰਦਰ ਕਦੇ ਪਉੜੀਆਂ ਚੜ੍ਹਦੀ ਹੈ ਕਦੇ ਉਤਰਦੀ। ਤੁਸੀਂ ਜੱਥੇ ਨੂੰ ਸੰਭਾਲੋ ਤੇ ਕੀਰਤਨ ਸਮਾਗਮ ਰਚੋ, ਆਪਾਂ ਤਾਂ ਨਾਰੰਗਵਾਲ ਚਲੇ ਹਾਂ।

ਹਾਲੀ ਸਵੇਰਾ ਪੂਰੀ ਤਰ੍ਹਾਂ ਨਹੀਂ ਹੋਇਆ ਸੀ ਜੋ ਟਾਂਗੇ ਤੇ ਸ੍ਰੀ ਭਾਈ ਸਾਹਿਬ ਦੇ ਕੜਿਆਂ ਦੀ ਆਵਾਜ਼ ਇਨ੍ਹਾਂ ਦੋਹਾਂ ਦੇ ਕੰਨੀਂ ਪਈ। ਜੋ ਖੁਸ਼ੀਆਂ ਤੇ ਅਚੰਭਾ ਉਸ ਵਕਤ ਸਾਰਿਆਂ ਨੇ ਮਾਣਿਆ, ਸਹਿਜੇ ਹੀ ਅਨੁਮਾਨ ਲਗ ਸਕਦਾ ਹੈ।

ਧੰਨ ਸਿਖੀ! ਧੰਨ ਗੁਰ-ਸਿਖੀ!



www.AKJ.Org

# ਸਿਨੇਮਾ ਲਾਅਨਤ ਕਿ ਬਰਕਤ

[ਵਲੋਂ—ਸ: ਮਨਜੀਤ ਸਿੰਘ ਜੀ B.A., L.L.B. ਐਡੀਟਰ 'ਸੰਤ ਸਿਪਾਹੀ']

ਅਜ ਦੇ ਅਖੌਤੀ ਅਗਾਂਹ-ਵਧੂ ਸਮਝਦੇ ਹਨ ਕਿ ਸਿਨੇਮਾ ਅਜ ਦੇ ਮਨੁਖ ਦੀ ਇਕ ਨਿਹਾਇਤ ਜ਼ਰੂਰੀ ਲੋੜ ਹੈ। ਅੱਜ ਦੁਨੀਆ ਵਿਚ ਜੀਵਨ ਦਾ ਸੰਗਰਾਮ ਤੇਜ਼ ਹੋ ਗਿਆ ਹੈ, ਜੀਵਨ ਦੀ ਚਾਲ ਤੇਜ਼ ਹੋ ਗਈ ਹੈ, ਸ਼ੋਰ ਸ਼ਰਾਬਾ ਵਧ ਗਿਆ ਹੈ, ਨਿਤ ਦੀ ਬਦਲਦੀ ਦੁਨੀਆ ਸਾਇੰਸ ਦੀ ਤਰੱਕੀ, ਚਿੰਤਾ ਦਾ ਵਾਧਾ ਆਦਿ ਅਜਿਹੀਆਂ ਚੀਜ਼ਾਂ ਆਮ ਮਨੁਖ ਦੇ ਜੀਵਨ ਵਿਚ ਆਣ ਵੜੀਆਂ ਹਨ ਕਿ ਉਸ ਦੀ ਮਨ ਦੀ ਸ਼ਾਂਤੀ ਘਟ ਗਈ ਹੈ ਤੇ ਚੈਨ ਦੇ ਅਵਸਰ ਵੀ ਬਹੁਤ ਘਟ ਗਏ ਹਨ। ਇਸ ਲਈ ਮਨ ਤੇ ਸਰੀਰ ਨੂੰ ਆਰਾਮ ਦੇਣ, ਗਮ ਗਲਤ ਕਰਨ, ਤੇ ਅਸ਼ਾਂਤੀ ਭਰੇ ਜੀਵਨ ਦੀ ਕਸਰ ਪੂਰੀ ਕਰਨ ਲਈ ਮਨੋਰੰਜਨ (ਦਿਲ ਪਰਚਾਵੇ) ਦੀ ਬੜੀ ਲੋੜ ਹੈ। ਇਸ ਲਈ ਉਹ ਕਹਿੰਦੇ ਹਨ ਕਿ ਅੱਜ ਸਿਨੇਮਾ ਜੀਵਨ ਦੀ ਇਕ ਨਿਹਾਇਤ ਜ਼ਰੂਰੀ ਲੋੜ ਹੈ।

ਜੇ, ਮਨੋਰੰਜਨ ਨੂੰ ਇਸੇ ਤਰ੍ਹਾਂ ਵਰਤੀਏ ਤਦ ਤਾਂ ਇਸ ਦੀ 'ਅਧਿਕ ਲੋੜ' ਦੀ ਕੁਝ ਸਮਝ ਆ ਵੀ ਸਕਦੀ ਹੈ, ਪਰ ਸਿਨੇਮਾ ਫ਼ੈਸ਼ਨ ਬਣ ਗਿਆ ਹੈ, ਜਾਂ ਕਹੋ, ਨਸ਼ਾ ਬਣ ਗਿਆ ਹੈ। ਬਹੁਤੇ ਤਾਂ ਨਸਾ ਪੂਰਾ ਕਰਨ ਲਈ ਜਾਂਦੇ ਹਨ। ਬਹੁਤੇ ਇਸ ਲਈ ਸਿਨੇਮਾ ਵੇਖਦੇ ਹਨ ਕਿ ਸਿਨੇਮਾ ਲਈ ਉਹਨਾਂ ਦਾ ਮਨ ਲਲਚਾਂਦਾ ਹੈ ਤੇ ਵੇਖੇ ਬਿਨਾਂ ਉਹ ਰਹਿ ਨਹੀਂ ਸਕਦੇ। ਫ਼ੈਸ਼ਨ ਵਜੋਂ ਇਤਨਾ ਸਿਨੇਮਾ ਵੇਖਣ ਦੀ ਵਾਦੀ ਪ੍ਰਚਲਤ ਹੋਈ ਜਾਂਦੀ ਹੈ ਕਿ ਚਾਰ ਮਿਤਰ ਇਕੱਠੇ ਹੋਏ ਨਹੀਂ ਤੇ ਝਟ ਸਿਨੇਮਾ ਦਾ ਪ੍ਰੋਗਰਾਮ ਬਣਿਆ ਨਹੀਂ। ਪ੍ਰਾਹੁਣਚਾਰੀ ਕਰਨੀ ਹੋਵੇ ਤਾਂ ਸਿਨੇਮਾ ਵੇਖਣ ਵਿਖਾਣਗੇ। ਸਿਨੇਮਾ ਜਾਣਾ ਤਾਂ ਇਕ ਸਮਾਜਕ ਆਦਤ ਬਣ ਗਈ ਹੈ। ਸੋਚਣ ਸਮਝਣ ਦੀ ਲੋੜ ਹੈ ਕਿ ਇਹ ਆਦਤ ਸਾਡੇ ਸਮਾਜ ਨੂੰ ਉਚਾਈ ਵਲ ਲੈ ਜਾਏਗੀ ਜਾਂ ਰਸਾਤਲ ਵਲ।

ਅਸਲ ਗੱਲ ਤਾਂ ਇਹ ਹੈ ਕਿ ਸਿਨੇਮਾ ਵੇਖਣਾ ਅਯਾਸ਼ੀ ਹੈ, ਨਸ਼ਾ ਹੈ, ਫ਼ੈਸ਼ਨ ਹੈ। ਇਸ ਦੇ ਦੋਸ਼ਾਂ ਦਾ ਵੇਰਵਾ ਕਰਨ ਦੀ ਲੋੜ ਹੈ, ਤਾਂ ਜੁ ਇਹ ਲਾਹਨਤ ਸਾਬਤ ਹੋਵੇ ਤੇ ਇਸ ਦਾ ਤਿਆਗ ਕੀਤਾ ਜਾਵੇ।

ਸਿਨੇਮਾ ਦੇ ਗੁਣ ਔਗੁਣਾਂ ਬਾਬਤ ਡੂੰਘੀ ਵਿਚਾਰ ਨਹੀਂ ਕੀਤੀ ਗਈ ਜਿਵੇਂ ਸ਼ਰਾਬ ਬਾਰੇ ਕੀਤੀ ਗਈ ਹੈ, ਇਸ ਲਈ ਅਸੀਂ ਅਧਿਕ ਤੌਰ ਤੇ ਇਸ ਦੇ ਵਹਿਣ ਵਿਚ ਵਹਿੰਦੇ ਜਾ ਰਹੇ ਹਾਂ। ਸ਼ਰਾਬ ਪੀਣ ਵਾਲਾ ਸ਼ਰਾਬ ਪੀਣ ਦੀ ਆਦਤ ਲੁਕਾਏਗਾ। ਅਜ ਤੋਂ ੨੦-੨੫ ਸਾਲ ਪਹਿਲਾਂ, ਜੇ ਕੋਈ ਸਿਨੇਮਾ ਵੀ ਵੇਖ ਕੇ ਆਉਂਦਾ ਸੀ ਤਾਂ ਘਰ ਆ ਕੇ ਦਸਦਾ ਨਹੀਂ ਸੀ, ਪਰ ਹੁਣ ਹੋਰ ਗੱਲ ਹੋ ਗਈ ਹੈ। ਪਤੀ, ਪਤਨੀ ਤੇ ਬੱਚੇ, ਭੈਣ ਭਰਾ ਤੇ ਭਰਜਾਈਆਂ ਰਲ ਕੇ ਇਉਂ ਸਿਨੇਮਾ ਵੇਖਣ ਜਾਂਦੇ ਹਨ ਜਿਵੇਂ ਕਿਸੇ ਨੇਕੀ ਦੇ ਕੰਮ ਤੇ ਚਲੇ ਹੋਣ। ਫਿਰ ਸਿਨੇਮਾ ਵਿਚ ਹੈ ਕੀ ? ਇਸ ਵਿਚ ਸਭ ਤੋਂ ਵਡੀ ਚੀਜ਼ ਜੋ ਹੈ ਸੋ ਨਫ਼ਸਾਨੀ (ਜਿਨਸੀ) ਖ਼ਾਹਸ਼ਾਂ ਨੂੰ ਪੱਠੇ ਪਾਣਾ ਹੈ। ਸਿਨੇਮਾ ਦਾ ਸੁਆਦ ਇਸੇ ਚੀਜ਼ ਵਿਚ ਲੁਕਿਆ ਹੋਇਆ ਹੈ। ਬੇਸ਼ਕ ਕੋਈ ਸਿਖਿਆ ਵੀ ਮਿਲਦੀ ਹੋਏਗੀ, ਤੇ ਕੋਈ ਵਾਕਫ਼ੀ ਵੀ ਮਿਲਦੀ ਹੋਵੇਗੀ, ਪਰ ਸਭ ਤੋਂ ਵਡਾ ਸੁਆਦ ਤਾਂ ਇਸ ਵਿਚ ਇਹ ਹੈ ਕਿ ਸੋਹਣੀਆਂ ਸ਼ਕਲਾਂ ਵੇਖ ਕੇ ਉਨ੍ਹਾਂ ਦੇ ਨਾਜ਼ਾਂ ਨਖ਼ਰਿਆਂ, ਐਕਟਰਾਂ ਐਕਟਰੈਸਾਂ ਦੇ ਛੋਹਣ ਚੁੰਮਣ ਆਦਿ ਤੋਂ ਕਾਮ-ਵਾਸ਼ਨਾ ਵਧਦੀ ਹੈ। ਪਿਆਰ, ਯਰਾਨੇ, ਨਵੇਂ ਨਵੇਂ ਤਜਰਬੇ ਕਰਨ ਤੋਂ ਦਬੀਆਂ ਨਫ਼ਸਾਨੀ ਖ਼ਾਹਸ਼ਾਂ ਦੀ ਕੁਝ ਕੁਝ ਤ੍ਰਿਪਤੀ ਹੁੰਦੀ ਹੈ ਤੇ ਸੁਆਦ ਆਉਂਦਾ ਹੈ। ਜੇ ਅਜ ਸਿਨੇਮਾ ਵਿਚ ਨਿਰਾ ਗਿਆਨ, ਜਾਂ ਸਿਖਿਆ ਦੇਣ, ਜਾਂ ਕੰਮ ਦਾ ਉਤਸ਼ਾਹ ਪੈਦਾ ਕਰਨ ਵਾਲੀਆਂ ਚੀਜ਼ਾਂ ਦੇਣ ਤੋਂ ਬਿਨਾਂ ਹੋਰ ਕੁਝ ਦੇਣਾ ਬੰਦ ਕਰ ਦਿਤਾ ਜਾਵੇ, ਭਾਵ ਕਾਮ ਤੇ ਰੂਪ ਦੀ ਲੇਸ-ਮਾਤਰ ਵੀ ਹੋਂਦ ਨਾ ਹੋਵੇ ਤਾਂ ਵੇਖਣ ਵਾਲਿਆਂ ਦੀ ਗਿਣਤੀ ਇਕ ਦਮ ਅੱਧੀ ਰਹਿ ਜਾਏ। ਅਧੇ ਫ਼ਿਲਮ ਬਨਾਣ ਵਾਲੇ ਤੇ ਸਿਨੇਮਾ-ਹਾਊਸ ਚਲਾਣ ਵਾਲੇ ਦੀਵਾਲੇ ਕਢ ਜਾਣ। ਉਹ ਇਹ ਕਿਸ ਤਰ੍ਹਾਂ ਬਰਦਾਸ਼ਤ ਕਰ ਸਕਦੇ ਹਨ ? ਉਹ ਤਾਂ ਜ਼ਰੂਰ ਮਾਇਆ ਕਮਾਣ ਦਾ ਬਹੁਤਾ



www.AKJ.Org

ਖ਼ਿਆਲ ਮੁੱਖ ਰਖਣਗੇ ਤੇ ਬਾਕੀ ਚੀਜ਼ਾਂ ਨੂੰ ਮੁਖ ਨਹੀਂ ਰਖਣਗੇ। ਇਸ ਲਈ ਉਹਨਾਂ ਤੋਂ ਕੁਰਬਾਨੀ ਦੀ ਆਸ ਰਖਣੀ ਬਿਰਥੀ ਹੈ। ਕੌਮ ਦੇ ਆਚਰਨ ਦੇ ਨਿਰਮਾਣ ਦਾ ਖ਼ਿਆਲ ਹਕੂਮਤ ਨੂੰ ਰਖਣਾ ਚਾਹੀਦਾ ਹੈ। ਜਿਵੇਂ ਉਹ ਸ਼ਰਾਬ-ਬੰਦੀ ਜਾਂ ਨਸ਼ੇ-ਬੰਦੀ ਜਾਂ ਰੰਡੀ-ਬਾਜ਼ੀ ਬੰਦ ਕਰਨ ਵਲ ਧਿਆਨ ਦੇਂਦੀ ਹੈ, ਓਵੇਂ ਸਿਨੇਮਾ ਦੇ ਆਚਰਨ ਵਿਗਾੜਨ ਦੇ ਪਹਿਲੂ ਵਲ ਵੀ ਤੁਰਤ ਧਿਆਨ ਦੇਣਾ ਚਾਹੀਦਾ ਹੈ।

ਅਜ ਜਿਸ ਕਿਸਮ ਦੇ ਬੇਸ਼ਰਮੀ ਭਰੇ ਗਾਣੇ ਫ਼ਿਲਮਾਂ ਵਿਚ ਗਾਏ ਜਾਂਦੇ ਹਨ, ਉਹ ਗਾਣੇ ਵਾਲੀਆਂ ਦੇ ਚੁਬਾਰਿਆਂ ਵਿਚ ਤੇ ਚਕਲਿਆਂ ਵਿਚ ਵੀ ਨਹੀਂ ਗਾਏ ਜਾਂਦੇ ਸਨ। ਫਿਰ ਇਹ ਗਾਣੇ ਰੇਡੀਓ ਵਿਚ ਸੁਣਾ ਕੇ ਪਰਚਲਤ ਕੀਤੇ ਜਾਂਦੇ ਹਨ, ਰੀਕਾਰਡਾਂ ਉਤੇ ਲਾ ਕੇ ਵਿਆਹ ਸ਼ਾਦੀਆਂ ਤੇ ਹੋਰ ਸਮਾਗਮਾਂ ਉਤੇ ਲੋਕਾਂ ਦੇ ਦਿਲਾਂ ਵਿਚ ਡੂੰਘੇ ਵਾੜੇ ਜਾਂਦੇ ਹਨ। ਇਸੇ ਲਈ ਅਸੀਂ ਜਦ ਘਰ ਘਰ ਬੱਚਿਆਂ ਨੂੰ ਬਹੁਤ ਬੇਸ਼ਰਮੀ ਭਰੇ ਤੇ ਛੇੜ ਛਾੜ ਵਾਲੇ ਵਾਹਯਾਤ ਗਾਣੇ ਗਾਂਦਿਆਂ ਜਾਂ ਸੁਣਦਿਆਂ ਵੇਖਦੇ ਹਾਂ ਤਾਂ ਹੈਰਾਨ ਹੋ ਜਾਂਦੇ ਹਾਂ। ਪੁਰਾਣੇ ਜ਼ਮਾਨੇ ਦੇ ਲੋਕਾਂ ਦੀ ਇਹ ਰਾਏ ਹੈ ਕਿ ਇਹੋ ਜਿਹੇ ਗਾਣੇ ਉਹਨਾਂ ਨੂੰ ਹੁਸਨ ਦੇ ਬਾਜ਼ਾਰਾਂ ਵਿਚ ਵੀ ਸੁਣਾਈ ਨਹੀਂ ਦੇਂਦੇ ਸਨ। ਮਿਸਾਲਾਂ ਤਾਂ ਬਥੇਰੀਆਂ ਦਿਤੀਆਂ ਜਾ ਸਕਦੀਆਂ ਹਨ, ਪਰ ਇਸ ਗੱਲ ਉਤੇ ਪਾਠਕ ਸਾਡੇ ਨਾਲ ਸਹਿਮਤ ਹੋਣਗੇ ਹੀ, ਇਸ ਲਈ ਵਿਸਥਾਰ ਦੇਣ ਦੀ ਲੋੜ ਨਹੀਂ ਸਮਝਦੇ।

ਇਕ ਬੱਚੇ ਨੇ ਮੈਨੂੰ ਦਸਿਆ ਕਿ ਇਕ ਗਾਣਾ ਉਸਨੇ ਫਲਾਣੀ ਫਲਾਣੀ ਫ਼ਿਲਮ ਵਿਚੋਂ ਸੁਣਿਆਂ ਸੀ, ਜਿਸ ਨੂੰ ਵੇਖਣ ਉਸਦੇ ਮਾਤਾ ਜੀ, ਪਿਤਾ ਜੀ, ਚਾਚਾ ਜੀ, ਚਾਚੀ ਜੀ, ਵਡੀ ਭੈਣ, ਫੁਫੀ ਤੇ ਮਾਮਾ ਮਾਮੀ ਵੀ ਗਏ ਸਨ। ਉਸਨੇ ਮੈਨੂੰ ਪੁਛਿਆ, 'ਫਿਰ ਉਹ ਮੈਨੂੰ ਵਿਖਾਣ ਕਿਉਂ ਲੈ ਗਏ ਸਨ ਤੇ ਆਪ ਕਿਉਂ ਗਏ ਸਨ ਇਹੋ ਜਿਹੇ ਗਾਣੇ ਸੁਨਣ?' ਮੈਂ ਉਸਨੂੰ ਕੋਈ ਤਸੱਲੀ-ਬਖ਼ਸ਼ ਜਵਾਬ ਨਹੀਂ ਦੇ ਸਕਿਆ। ਮੈਂ ਸਾਰੇ ਪਿਉਆਂ, ਮਾਵਾਂ, ਫੁਫੀਆਂ, ਫੁਫਿਆਂ ਤੇ ਮਾਮੇ ਮਾਮੀਆਂ ਨੂੰ ਕਹਿੰਦਾ ਹਾਂ ਕਿ ਤੁਸੀਂ ਹੀ ਇਸ ਬੱਚੇ ਦੇ ਸੁਆਲ ਦਾ ਜਵਾਬ ਦਿਓ।

---

## ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਮਤਾ

ਗੁਰਦੁਆਰਾ ਸਾਹਿਬ ਰੀਡਿੰਗ (ਇੰਗਲੈਂਡ) ਵਿਖੇ ੨੮.੨ ੭੬ ਨੂੰ ਯੂ. ਕੇ. ਦੀ ਸਿਖ ਸੰਗਤ ਨੇ ਇਕੱਤਰ ਹੋ ਕੇ ਹੇਠ ਲਿਖੇ ਭਾਵ ਦਾ ਮਤਾ ਪਾਸ ਕਰ ਕੇ ਸੰਬੰਧਤ ਦੇਸਾਂ ਦੀਆਂ ਸਰਕਾਰਾਂ ਅਤੇ ਸੰਸਥਾਵਾਂ ਨੂੰ ਭੇਜਿਆ ਹੈ—

ਸਭ ਸਰਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿਖ ਧਾਰਮਕ ਵਿਸ਼ਵਾਸ ਵਿਚ ਕੋਈ ਦਖ਼ਲ ਨਾ ਦਿਤਾ ਜਾਵੇ। ਇਹ ਵੇਖਿਆ ਸੁਣਿਆ ਗਿਆ ਹੈ ਕਿ ਬਹੁਤ ਸਾਰੇ ਹਵਾਈ ਅੱਡਿਆਂ ਦੇ ਅਫ਼ਸਰ ਸਿੰਘਾਂ ਨੂੰ ਹਵਾਈ ਜਹਾਜ਼ ਰਾਹੀਂ ਸਫ਼ਰ ਕਰਨ ਸਮੇਂ ਕਿਰਪਾਨ ਨਾਲ ਰਖਣ ਦੀ ਆਗਿਆ ਨਹੀਂ ਦਿੰਦੇ। ਅੰਮ੍ਰਿਤਧਾਰੀ ਸਿੰਘ ਲਈ ਹਰ ਵੇਲੇ ਕਿਰਪਾਨ ਗਾਤਰੇ ਰਖਣੀ ਜ਼ਰੂਰੀ ਹੈ। ਇਹ ਸਾਡਾ ਧਾਰਮਕ ਚਿੰਨ੍ਹ ਹੈ ਅਤੇ ਇਸ ਦਾ ਇਹ ਮਤਲਬ ਨਹੀਂ ਕਿ ਇਹ ਕਿਸੇ ਨੂੰ ਮਾਰਨ ਵਾਸਤੇ ਹੈ। ਇਸ ਤਰ੍ਹਾਂ ਦੀਆਂ ਸਭ ਪਾਬੰਦੀਆਂ ਤੁਰੰਤ ਹਟਾ ਦਿਤੀਆਂ ਜਾਣ ਅਤੇ ਸਿਖ ਕੋਮ ਨੂੰ ਆਪਣੇ ਅਕੀਦੇ ਅਨੁਸਾਰ ਭਗਤੀ ਕਰਨ ਦਿਤੀ ਜਾਵੇ। ਅਸਲ ਮਤਾ ਇਉਂ ਹੈ:—

The following resolution is passed at a mass meeting of U. K. Sikh Community held at Sikh Temple at READING U. K. on 28-2- 6.

'All world governments, India and U. K. in particular, are requested to stop interfering in Sikh religious faith. It is learnt that most of the airports officers do not allow a Sikh with a sword to continue his journey by plane. To wear a sword all the time for a baptised Sikh is very essential. It is our religious symbol and it does not mean to kill anybody.

All such restrictions should be lifted at once and let the Sikh nation worship according to their faith'.

AKHAND KIRTANI JATHA



www.AKJ.Org

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

[ਵਲੋਂ—ਗਿਆਨੀ ਕੁੰਭੇਰ ਸਿੰਘ ਜੀ, ਫੀਰੋਜ਼ਪੁਰ ਛਾਉਣੀ]

ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਦੀ ਸ਼ਹੀਦੀ ਦੇ ਕਾਰਨ ਇਹ ਪਰਗਟ ਹੁੰਦੇ ਹਨ:—

ਜਹਾਂਗੀਰ ਇਕ ਕਟਰ ਮੁਸਲਮਾਨ ਬਾਦਸ਼ਾਹ ਸੀ। ਉਹ ਸਿਖ ਧਰਮ ਦੀ ਵ੍ਰਿਧੀ, ਪਰਚਾਰ, ਲੋਕ ਪ੍ਰਿਯਤਾ ਅਤੇ ਵਡਿਆਈ ਨੂੰ ਇਸਲਾਮ ਦੇ ਪਰਚਾਰ ਦੇ ਰਸਤੇ ਵਿਚ ਇਕ ਭਾਰੀ ਰੁਕਾਵਟ ਸਮਝਦਾ ਸੀ ਤੇ ਆਪਣੀ ਹਕੂਮਤ ਲਈ ਖ਼ਤਰਨਾਕ ਖ਼ਿਆਲ ਕਰਦਾ ਸੀ। ਉਸ ਦੇ ਆਪਣੇ ਕਥਨ ਅਨੁਸਾਰ, ਜੈਸੇ ਕਿ ਉਸ ਨੇ ਤੁਜ਼ਕਿ ਜਹਾਂਗੀਰੀ ਵਿਚ ਜ਼ਿਕਰ ਕੀਤਾ ਹੈ, ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਧਾਰਮਿਕ ਸ਼ਖਸੀਅਤ ਦੇ ਪ੍ਰਭਾਵ ਹੇਠ ਹਿੰਦੂ ਅਤੇ ਮੁਸਲਮਾਨ ਆਪ ਦੇ ਸ਼ਰਧਾਲੂ ਹੋ ਰਹੇ ਸਨ।.

ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉਤਰ-ਅਧਿਕਾਰੀ ਗੁਰੂ ਸਾਹਿਬਾਨ, ਲੋਕਾਂ ਦੇ ਦਿਲਾਂ ਵਿਚੋਂ ਪਰਤੰਤਰਤਾ ਤੇ ਪਰਾਧੀਨਤਾ ਦੇ ਕਾਰਨ ਘਰ ਕਰ ਚੁਕੀ ਕਾਇਰਤਾ ਅਤੇ ਸਾਹਸ-ਹੀਣਤਾ ਨੂੰ ਕਢਣ ਲਈ ਜ਼ੋਰਦਾਰ ਅਤੇ ਪ੍ਰਭਾਵਸ਼ਾਲੀ. ਪਰਚਾਰ ਕਰਦੇ ਰਹੇ ਤੇ ਨਾਲ ਹੀ ਹਾਕਮਾਂ ਦੀਆਂ ਲੋਕਾਂ ਪ੍ਰਤੀ ਬੇਇਨਸਾਫ਼ੀਆਂ ਅਤੇ ਗਰੀਬ ਮਾਰੂ ਰੁਚੀਆਂ ਅਤੇ ਉਨ੍ਹਾਂ ਦੇ ਭੈੜੇ ਅਤੇ ਨਿੰਦਨੀਯ ਕਰਤਵਾਂ ਦੇ ਵਿਰੁਧ ਵੀ ਨਿਧੱੜਕ ਹੋ ਕੇ ਅਵਾਜ਼ ਨੂੰ ਬੁਲੰਦ ਕਰਦੇ ਰਹੇ। ਵਕਤ ਦੇ ਹਾਕਮਾਂ ਤੇ ਬਾਦਸ਼ਾਹ ਗੁਰੂ ਸਾਹਿਬਾਨ ਦੀ ਇਸ ਮੁਹਿੰਮ ਤੋਂ ਅਣਜਾਣ ਨਹੀਂ ਸਨ, ਪਰ ਗੁਰੂ ਸਾਹਿਬਾਨ ਦੇ ਆਤਮਿਕ ਬਲ ਅਤੇ ਸੱਚ ਦੇ ਤੇਜ ਪਰਤਾਪ ਅਗੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਜਾਂਦੀ ਸੀ। ਸਗੋਂ ਉਹ ਗੁਰੂ ਸਾਹਿਬਾਨ ਦੇ ਜਾਹੁ ਜਲਾਲ ਤੋਂ ਪ੍ਰਭਾਵਿਤ ਹੋ ਕੇ ਗੁਰੂ ਸਾਹਿਬਾਨ ਦੇ ਦਰ ਦੇ ਭਿਖਾਰੀ ਬਣ ਕੇ ਗੁਰੂ ਸ਼ਰਨ ਵਿਚ ਆਉਂਦੇ ਸਨ। ਗੁਰੂ ਸਾਹਿਬਾਨ ਦੇ ਪੁਰ ਅਸਰ ਉਪਦੇਸ਼ਾਂ ਦੇ ਸਦਕਾ ਸਿਖਾਂ ਦੀ ਗਿਣਤੀ ਵਿਚ ਭਾਰੀ ਵਾਧਾ ਹੁੰਦਾ ਗਿਆ। ਸਿਖ ਧਰਮ ਦੇ ਪਰਚਾਰ ਨੂੰ ਮੁਖ ਰਖ ਕੇ ਕਈ ਥਾਈਂ ਗੁਰਦਵਾਰੇ ਉਸਾਰੇ ਗਏ, ਸਰੋਵਰ ਬਣਾਏ ਗਏ। ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਦੀ, ਉੱਘੇ ਭਗਤਾਂ ਅਤੇ ਫ਼ਕੀਰਾਂ ਦੀ ਅਤੇ ਆਪਣੀ ਰਚਿਤ ਬਾਣੀ ਨੂੰ ਇਕੱਤ੍ਰ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਪਰਗਟ ਕਰਕੇ ਹੋਰ ਧਰਮਾਂ ਦੀ ਪਰੱਥਾ ਅਨੁਸਾਰ ਸਿਖਾਂ ਦਾ ਵੀ ਇਕ ਧਾਰਮਿਕ ਪਰਮਾਣੀਕ ਗ੍ਰੰਥ ਬਣਾ ਦਿਤਾ। ਰਾਮਦਾਸ ਪੁਰ (ਅੰਮ੍ਰਿਤਸਰ) ਵਿਚ ਹਰਿਮੰਦਰ ਸਾਹਿਬ ਦੀ ਉਸਾਰੀ ਕੀਤੀ ਗਈ, ਜੋ ਸਿਖਾਂ ਦਾ ਇਕ ਧਾਰਮਿਕ ਕੇਂਦਰੀ ਅਸਥਾਨ ਦਾ ਰੂਪ ਧਾਰਨ ਕਰ ਗਿਆ। ਗੱਲ ਕੀ, ਗੁਰੂ ਅਰਜਨ ਦੇਵ ਜੀ ਦੇ ਵੇਲੇ ਸਿਖ ਧਰਮ ਦੀ ਉੱਨਤੀ ਅਤੇ ਵਿਕਾਸ ਵਿਚ ਹਰ ਪਹਿਲੂ ਤੇ ਤੇਜ਼ੀ ਨਾਲ ਵਾਧਾ ਹੋਣ ਲਗਾ। ਜਹਾਂਗੀਰ ਨੂੰ ਸਿਖ ਧਰਮ ਦਾ ਵਿਕਾਸ ਅਤੇ ਉੱਨਤੀ ਨਹੀਂ ਸੀ ਭਾਉਂਦੀ। ਇਸ ਦੇ ਉਲਟ ਉਹ ਤਾਂ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਇਸ ਸਿਖ ਧਰਮ ਦੀ ਲਹਿਰ ਨੂੰ ਖ਼ਤਮ ਕੀਤਾ ਜਾਵੇ। ਤੇ ਗੁਰੂ ਸਾਹਿਬ ਨੂੰ ਇਸਲਾਮ ਵਿਚ ਲੈ ਆਵੇ।

ਹੁਣ ਪ੍ਰਭੂ ਨੇ ਐਸੀ ਭਾਣੇ ਦੀ ਖੇਡ ਵਰਤਾਣੀ ਸ਼ੁਰੂ ਕੀਤੀ ਕਿ ਗੁਰੂ ਜੀ ਦੇ ਵੈਰੀਆਂ ਦੀਆਂ ਗੋਂਦਾਂ ਸਿਰੇ ਚੜ੍ਹਨੀਆਂ ਸ਼ੁਰੂ ਹੋ ਗਈਆਂ।

ਆਪੈ ਦੈਂਤ ਲਾਇ ਦਿਤੇ ਸੰਤ ਜਨਾਂ ਕਉ
ਆਪੇ ਰਾਖਾ ਸੋਈ॥ [ਭੈਰਉ ਮਹਲਾ ੩

ਇਧਰ ਗੁਰੂ ਅਰਜਨ ਦੇਵ ਜੀ ਵੀ ਪ੍ਰਭੂ-ਭਾਣੇ ਵਿਚ ਗੁਰਮਤਿ-ਸਿਧਾਂਤਾਂ ਨੂੰ ਦੁਨੀਆ ਦੇ ਸਾਹਮਣੇ ਅਮਲੀ ਰੂਪ ਵਿਚ ਪਰਗਟ ਕਰਨ ਲਈ ਦ੍ਰਿੜ੍ਹਤਾ ਸਹਿਤ ਤਿਆਰ ਹੋ ਗਏ। ਇਉਂ ਸਮਝ ਲਵੋ ਕਿ ਗੁਰੂ ਜੀ ਦੀ ਇਛਾ ਵੀ ਪ੍ਰਭੂ ਦੀ ਰਜ਼ਾ ਅਨੁਸਾਰ ਤੱਦ ਰੂਪ ਸੀ। ਜਿਵੇਂ ਕਿ ਆਪ ਲਿਖਦੇ ਹਨ :—

ਨਾਨਕ ਗੁਰਿ ਖੋਏ ਭ੍ਰਮ ਭੰਗਾ॥
ਹਮ ਓਇ ਮਿਲਿ ਹੋਏ ਇਕ ਰੰਗਾ॥
[ਆਸਾ ਮਹਲਾ ੫



www.AKJ.Org

ਆਖ਼ਰ ਜਹਾਂਗੀਰ ਨੂੰ ਚੰਦੂ ਆਦਿਕ ਗੁਰ-ਦੋਖੀਆਂ ਦੀ ਰਪੋਰਟ ਅਤੇ ਸਲਾਹ ਮਸ਼ਵਰੇ ਦੇ ਆਧਾਰ ਤੇ ਗੁਰੂ ਜੀ ਤੇ ਇਹ ਇਲਜ਼ਾਮ ਲਾਉਣ ਦਾ ਬਹਾਨਾ ਮਿਲ ਗਿਆ ਕਿ ਗੁਰੂ ਅਰਜਨ ਦੇਵ ਜੀ ਨੇ ਬਾਗੀ ਖ਼ੁਸਰੋ ਨੂੰ ਪਨਾਹ ਦਿਤੀ ਹੈ ਅਤੇ ਉਸ ਦੇ ਮੱਥੇ ਤੇ ਕੇਸਰ ਦਾ ਤਿਲਕ ਲਾ ਕੇ ਉਸ ਨੂੰ ਆਸ਼ੀਰਵਾਦ ਦਿਤੀ ਹੈ ਤੇ ਉਸ ਦੀ ਮਾਇਕ ਮਦਦ ਕੀਤੀ ਹੈ। ਸੋ ਇਸ ਝੂਠੇ ਇਲਜ਼ਾਮ ਦੀ ਆੜ ਲੈ ਕੇ ਜਹਾਂਗੀਰ ਹੁਕਮ ਚਾੜ੍ਹ ਦਿੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਡਰਾ ਧਮਕਾ ਕੇ ਤੇ ਤਸੀਹੇ ਦੇ ਦੇ ਕੇ ਮਾਰ ਦਿੱਤਾ ਜਾਵੇ :—

ਕਿ ਊ ਰਾ ਬ ਸਿਆਸਤ ਵ ਬ ਯਾਸਾ
ਰਸਾਨੰਦ ॥ [ਤੋਜ਼ਕਿ ਜਹਾਂਗੀਰੀ, ਪੰਨਾ ੩੫

ਚੁਨਾਚਿ ਗੁਰੂ ਸਾਹਿਬ ਜੀ ਨੂੰ ਲਾਹੌਰ ਬੁਲਾ ਲਿਆ ਜਾਂਦਾ ਹੈ, ਆਪ ਨੂੰ ਉਪ੍ਰੋਕਤ ਇਲਜ਼ਾਮ ਅਤੇ ਸਜ਼ਾ ਸੁਣਾ ਦਿਤੀ ਜਾਂਦੀ ਹੈ। ਪਰ ਇਸ ਸਜ਼ਾ ਤੋਂ ਬਚਣ ਲਈ ਉਨ੍ਹਾਂ ਨੂੰ ਇਹ ਸ਼ਰਤਾਂ ਪੇਸ਼ ਕੀਤੀਆਂ ਜਾਂਦੀਆਂ ਹਨ :—

(੧) ਗੁਰੂ ਗ੍ਰੰਥ ਸਾਹਿਬ ਵਿਚ ਮੁਹੰਮਦ ਸਾਹਿਬ ਦੀਆਂ ਸਿਫ਼ਤਾਂ ਦੇ ਸ਼ਬਦ ਅੰਕਿਤ ਕੀਤੇ ਜਾਣ।

(੨) ਦੋ ਲੱਖ ਰੁਪੈ ਜੁਰਮਾਨਾ ਦਿਤਾ ਜਾਵੇ।

ਗੁਰੂ ਸਾਹਿਬ ਜੀ ਨੇ ਇਹ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿਤਾ। ਗੁਰੂ ਜੀ ਦੇ ਇਨਕਾਰ ਤੇ ਆਪ ਨੂੰ ਦੀਵਾਨ ਚੰਦੂ ਦੇ ਹਵਾਲੇ ਇਸ ਲਈ ਕਰ ਦਿਤਾ ਗਿਆ ਕਿ ਗੁਰੂ ਜੀ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿਤਾ ਜਾਵੇ।

ਦੀਵਾਨ ਚੰਦੂ ਤਾਂ ਪਹਿਲੇ ਹੀ ਗੁਰੂ ਸਾਹਿਬ ਦਾ ਵੈਰੀ ਸੀ ਅਤੇ ਉਹ ਆਪਣੀ ਜ਼ਾਤੀ ਕਿਰੜ ਕਢਣੀ ਚਾਹੁੰਦਾ ਸੀ। ਕਾਰਨ ਸੰਖੇਪ ਤੌਰ ਤੇ ਇਸ ਤਰ੍ਹਾਂ ਹੈ ਕਿ ਚੰਦੂ ਨੇ ਆਪਣੀ ਲੜਕੀ ਲਈ ਯੋਗ ਵਰ ਲਭਣ ਲਈ ਲਾਗੀ ਬਾਹਰ ਭੇਜੇ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜ਼ੀ ਦੇ ਸਪੁੱਤਰ ਗੁਰੂ ਹਰਿ ਗੋਬਿੰਦ ਜੀ ਨੂੰ ਚੰਦੂ ਦੀ ਪੁਤਰੀ ਲਈ ਯੋਗ ਵਰ ਚੁਣ ਲਿਆ ਅਤੇ ਚੰਦੂ ਨੂੰ ਜਾ ਕੇ ਇਸ ਗੱਲ ਤੋਂ ਸੂਚਿਤ ਕਰ ਦਿਤਾ। ਪਰ ਚੰਦੂ ਨੇ ਇਹ ਸੁਣ ਕੇ ਹੰਕਾਰ ਭਰੇ ਬਚਨ ਬੋਲੇ ਕਿ ਤੁਸੀਂ ਚੁਬਾਰੇ ਦੀ ਇਟ ਮੋਰੀ ਨੂੰ ਲਾ ਰਹੇ ਹੋ। ਪਰ ਫਿਰ ਇਹ ਸੋਚ ਕੇ ਕਿ ਉਸ ਦੀ ਪੁਤਰੀ ਗੁਰੂ ਘਰ ਵਿਚ ਜਾ ਕੇ ਮਾਤਾ ਸਦਵਾਏਗੀ ਅਤੇ ਸਤਿਕਾਰੀ ਜਾਵੇਗੀ, ਉਹ ਰਿਸ਼ਤਾ ਕਬੂਲ ਕਰ ਲੈਂਦਾ ਹੈ ਜਿਵੇਂ ਕਿ ਗਿ: ਗਿਆਨ ਸਿੰਘ ਜੀ ਲਿਖਦੇ ਹਨ :—

ਈਟ ਚੁਬਾਰੇ ਕੀ ਹੈ ਜੋਈ।
ਲਾਵਤ ਤੁਮ ਮੋਰੀ ਕੋ ਸੋਈ।
ਪਰ ਇਕ ਬਾਤ ਭਲੀ ਬਖਿਆਤਾ।
ਮਮ ਪੁਤ੍ਰੀ ਸਦਵੈ ਹੈ ਮਾਤਾ।
(ਪੰਥ ਪ੍ਰਕਾਸ਼)

ਪਰ ਸੰਗਤ ਨੇ ਚੰਦੂ ਦੇ ਹੰਕਾਰ ਭਰੇ ਬਚਨਾਂ ਦੇ ਬਾਰੇ ਗੁਰੂ ਸਾਹਿਬ ਜੀ ਨੂੰ ਖਬਰ ਭੇਜ ਦਿਤੀ ਤੇ ਨਾਲ ਹੀ ਇਹ ਬੇਨਤੀ ਕਰ ਘਲੀ ਕਿ ਚੰਦੂ ਦੀ ਲੜਕੀ ਦਾ ਰਿਸ਼ਤਾ ਮਨਜ਼ੂਰ ਨਹੀਂ ਕਰਨਾ, ਚੁਨਾਚਿ ਗੁਰੂ ਜੀ ਨੇ ਸੰਗਤ ਦੀ ਬੇਨਤੀ ਨੂੰ ਸਵੀਕਾਰ ਕੀਤਾ ਤੇ ਜਦੋਂ ਚੰਦੂ ਦੇ ਲਾਗੀ ਟਿੱਕਾ ਲੈ ਕੇ ਆਏ, ਉਨ੍ਹਾਂ ਨੂੰ ਇਹ ਕਹਿ ਕੇ ਰਿਸ਼ਤਾ ਮੋੜ ਦਿਤਾ ਕਿ :—

ਹਮ ਮੋਰੀ ਦੀਵਾਨ ਚੁਬਾਰਾ।
ਹਮਰੇ ਜੋਗ ਨ ਸਾਕ ਤੁਮਾਰਾ।
(ਪੰਥ ਪ੍ਰਕਾਸ਼)

ਦੀਵਾਨ ਚੰਦੂ ਨੇ ਜਦੋਂ ਗੁਰੂ ਜੀ ਦਾ ਇਹ ਫ਼ੈਸਲਾ ਸੁਣਿਆ ਤਾਂ ਉਹ ਸੜ ਬਲ ਗਿਆ ਤੇ ਓਦੋਂ ਤੋਂ ਹੀ ਕਿਸੇ ਅਜਿਹੇ ਮੌਕੇ ਦੀ ਭਾਲ ਵਿਚ ਸੀ ਕਿ ਉਹ ਗੁਰੂ ਜੀ ਤੋਂ ਆਪਣਾ ਬਦਲਾ ਲੈ ਸਕੇ।

ਸੋ ਚੰਦੂ ਨੂੰ ਹੁਣ ਆਪਣੀ ਮਨ ਦੀ ਭੜਾਸ ਕਢਣ ਲਈ ਇਹ ਨਾਦਰ ਮੌਕਾ ਹੱਥ ਲਗ ਗਿਆ। ਉਸ ਨੇ ਗੁਰੂ ਜੀ ਨੂੰ ਫਿਰ ਆਪਣੀ ਲੜਕੀ ਦਾ ਰਿਸ਼ਤਾ ਮੰਨਣ ਲਈ ਕਿਹਾ, ਪਰ ਗੁਰੂ ਜੀ ਨੇ ਫਿਰ ਇਨਕਾਰ ਕਰ ਦਿਤਾ। ਹਕੂਮਤ ਵਲੋਂ ਲਾਈਆਂ ਪਿਛੇ ਲਿਖੀਆਂ ਸ਼ਰਤਾਂ ਫਿਰ ਦੁਹਰਾਈਆਂ, ਪਰ ਗੁਰੂ ਜੀ ਨੇ ਫਿਰ ਇਨਕਾਰ ਕਰ ਦਿਤਾ। ਸੋ ਜਹਾਂਗੀਰ ਦੇ ਦਿਤੇ ਹੁਕਮ ਅਨੁਸਾਰ ਆਪ ਨੂੰ ਅਸਹਿ ਤੇ ਅਕਹਿ ਕਸ਼ਟ ਤੇ ਤਸੀਹੇ ਦਿਤੇ ਗਏ। ਆਪ ਦੇ ਉੱਤੇ ਸੜਦੀ ਬਲਦੀ ਰੇਤ ਦੇ ਕੜਛੇ ਭਰ ਭਰ ਸੁਟੇ ਗਏ। ਆਪ ਨੂੰ ਉਬਲਦੇ ਪਾਣੀ ਵਿਚ ਬਿਠਾਇਆ ਗਿਆ। ਤਪਦੀ ਤਵੀ ਤੇ ਬਿਠਾਇਆ ਗਿਆ। ਪਰ ਆਪ ਨੇ ਇਹ ਅਤੀ ਦੁਖਦਾਇਕ ਅਤੇ ਭਿਆਨਕ



www.AKJ.Org

ਤਸੀਹੇ ਅਡੋਲ, ਅਹਿਲ ਤੇ ਸ਼ਾਂਤ-ਚਿਤ ਰਹਿੰਦਿਆਂ ਪ੍ਰਭੂ ਦੇ ਭਾਣੇ ਨੂੰ ਖਿੜੇ ਮਥੇ ਮਿੱਠਾ ਕਰਕੇ ਮੰਨਦਿਆਂ, ਹੇਠ ਲਿਖੇ ਗੁਰਮਤਿ ਸਿਧਾਂਤਾਂ ਦਾ ਦੁਨੀਆ ਸਾਹਮਣੇ ਅਮਲੀ ਸਬੂਤ ਪੇਸ਼ ਕੀਤਾ ਕਿ—

(ੳ) ਜੋ ਵਡਭਾਗੀ ਜੀਵ ਵਾਹਿਗੁਰੂ ਦੇ ਭਾਣੇ ਨੂੰ ਮਿਠਾ ਕਰਕੇ ਮੰਨਦੇ ਹਨ ਉਨ੍ਹਾਂ ਨੂੰ ਅਜਿਹੇ ਪਰਮ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ ਕਿ ਦੁਨਿਆਵੀ ਵਡੇ ਤੋਂ ਵਡੇ ਦੁਖ ਅਤੇ ਤਸੀਹੇ ਵੀ ਉਨ੍ਹਾਂ ਦੀ ਪਰਮ ਸੁਖ ਵਾਲੀ ਅਵੱਸਥਾ ਵਿਚ ਵਿਘਨਕਾਰੀ ਨਹੀਂ ਹੋ ਸਕਦੇ। ਉਹ ਇਨ੍ਹਾਂ ਮਹਾ ਕਸ਼ਟਾਂ ਅਤੇ ਤਸੀਹਿਆਂ ਵਿਚ ਵੀ ਸੁਖ ਹੀ ਮਾਣਦੇ ਹਨ। ਜਿਵੇਂ ਕਿ ਗੁਰੂ ਸਾਹਿਬਾਨ ਦਾ ਕਥਨ ਹੈ:—

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥ ਜੇ ਭੁਖ ਦੇਹਿ ਤ ਇਤਹੀ ਰਾਜਾ ਦੁਖ ਵਿਚਿ ਸੁਖ ਮਨਾਈ ॥

[ਸੂਹੀ ਅਸ: ਮ: ੪

ਉਲਾਹਨੋ ਮੈ ਕਾਹੂ ਨ ਦੀਓ ॥ ਮਨ ਮੀਠ ਤੁਹਾਰੋ ਕੀਓ ॥ ਆਗਿਆ ਮਾਨਿ ਜਾਨਿ ਸੁਖ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥

[ਨਟ ਨਾਰਾਇਨ ਮ: ੫ ਦੁਪਦੇ

ਜੋ ਤੁਧੁ ਕਰਣਾ ਸੋ ਕਰਿ ਪਾਇਆ ॥ ਭਾਣੈ ਵਿਚਿ ਕੋ ਵਿਰਲਾ ਆਇਆ ॥ ਭਾਣਾ ਮੰਨੇ ਸੋ ਸੁਖ ਪਾਏ ਭਾਣੇ ਵਿਚ ਸੁਖ ਪਾਇਦਾ ॥

(ਅ) ਨਾਮ ਦੇ ਜਾਪ ਅਤੇ ਸਿਮਰਨ ਦੇ ਫਲ ਸਰੂਪ ਪਰਮ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ—

ਮਾਈ ਮੇਰੇ ਮਨ ਕੋ ਸੁਖੁ ॥ ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ ॥੧॥

[ਟੋਡੀ ਮ: ੫

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥ ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥੧॥

[ਧਨਾਸਰੀ ਮ: ੫

(ੲ) ਨਾਮ ਦੇ ਸੁਣਨ, ਨਾਮ ਦੇ ਜਾਪ, ਸਿਮਰਨ ਅਤੇ ਹਰੀ ਗੁਣ ਗਾਇਣ ਕਰਨ ਨਾਲ ਮਨ ਵਿਚ ਪਰਮ ਸੁਖਦਾਇਕ ਠੰਢ ਅਥਵਾ ਸੀਤਲਤਾ ਦੀ ਪ੍ਰਾਪਤੀ ਹੋ ਜਾਂਦੀ ਹੈ:—

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ ॥ ਸੀਤਲ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥

[ਜੈਤਸਰੀ ਦੀ ਵਾਰ

ਨਾਮ ਧਿਆਇ ਮਹਾ ਸੁਖ ਪਾਇਆ ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥ ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥

[ਮਾਝ ਮ: ੫

(ਸ) ਜਿਥੇ ਅਤੀ ਤਪਸ਼ ਅਤੇ ਸੇਕ ਹੋਵੇ ਓਥੇ ਨਾਮ ਸਹਾਈ ਹੁੰਦਾ ਹੈ:—

ਜਹ ਮਹਾ ਭਇਆਨ ਤਪਤਿ ਬਹੁ ਘਾਮ ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥

(ਸੁਖਮਨੀ ਸਾਹਿਬ)

(ਹ) ਗੁਰੂ ਤਾਂ ਹੈ ਹੀ ਹਿਵੈ-ਘਰ, ਭਾਵ ਬਰਫ਼ ਅਤੇ ਠੰਢਕ ਦਾ ਘਰ। ਉਹ ਤਪਦੀ ਲੋਹ ਤੇ ਬੈਠ ਕੇ ਵੀ ਅੱਗ ਦੇ ਸੇਕ ਅਤੇ ਤਪਸ਼ ਦਾ ਦੁਖ ਨਹੀਂ ਮੰਨਦਾ; ਸਗੋਂ ਸੁਖ ਹੀ ਮਨਾਉਂਦਾ ਹੈ।

ਗੁਰੁ ਦਾਤਾ, ਗੁਰੁ ਹਿਵੈ ਘਰੁ, ਗੁਰੁ ਦੀਪਕੁ ਤਿਹ ਲੋਇ ॥ ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥ (ਸਲੋਕ ਮ: ੧)

ਸੋ ਗੁਰੂ ਅਰਜਨ ਦੇਵ ਜੀ ਨੇ ਜੋ ਬਾਣੀ ਰਾਹੀਂ ਕਿਹਾ ਸੀ ਅਥਵਾ ਜੋ ਪਹਿਲੇ ਗੁਰੂ ਸ਼ਾਹਿਬਾਨ ਫ਼ੁਰਮਾ ਚੁਕੇ ਸਨ, ਉਹਨਾਂ ਹੁਕਮਾਂ ਅਨੁਸਾਰ ਆਪ ਦਾ ਜੀਵਨ ਢਲਿਆ ਹੋਇਆ ਸੀ। ਏਸੇ ਲਈ ਉਨ੍ਹਾਂ ਨੇ ਇੰਨੇ ਮਹਾਨ ਦੁਖਦਾਇਕ ਤਸੀਹਿਆਂ ਤੇ ਅੱਗ ਦੇ ਸੇਕ ਵਿਚ ਵੀ ਪਰਮ ਸੁਖ ਅਤੇ ਮਹਾਨ ਅਨੰਦ ਨੂੰ ਮਾਣਿਆ ਅਤੇ ਦਸ ਦਿਤਾ ਕਿ ਜੋ ਪ੍ਰਾਣੀ ਵੀ ਗੁਰ-ਹੁਕਮਾਂ ਦੀ ਦ੍ਰਿੜ੍ਹਤਾ ਨਾਲ ਪਾਲਨਾ ਕਰੇਗਾ ਉਹ ਹਰ ਹਾਲਤ ਵਿਚ ਪਰਮ ਸੁਖ ਨੂੰ ਹੀ ਮਾਣੇਗਾ। ਆਖ਼ਰ ਗੁਰੂ ਜੀ ਹਕੂਮਤ ਦੇ ਅਨੇਕ ਪ੍ਰਕਾਰੀ ਕਠੋਰ ਕਸ਼ਟਾਂ ਨੂੰ ਖਿੜੇ ਮੱਥੇ ਸਹਾਰਦਿਆਂ ੧ ਹਾੜ ਸੰ: ੧੬੬੩ ਨੂੰ ਗੁਰਪੁਰੀ ਸਿਧਾਰ ਗਏ। ਉਨ੍ਹਾਂ ਦੀ ਸ਼ਹੀਦੀ ਤੋਂ ਸਿਖ ਕੌਮ ਅਤੇ ਧਰਮੀ ਜੀਊੜਿਆਂ ਨੂੰ ਧਰਮ ਤੇ ਅਡੋਲ ਰਹਿਣ ਦੀ ਰੋਸ਼ਨੀ ਅਤੇ ਧਰਮ ਖ਼ਾਤਰ ਮਰ ਮਿਟਣ ਦਾ ਸਾਹਸ ਹਮੇਸ਼ ਮਿਲਦਾ ਰਹੇਗਾ।



www.AKJ.Org

# ਸ਼ਹੀਦਾਂ ਦੇ ਸਿਰਤਾਜ

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ (ਗੁੜਗਾਉਂ)]

ਐ ਪੰਚਮ ਪਾਤਸ਼ਾਹ ਤੇਰੀ ਤਾਰੀਫ਼ ਅੰਦਰ, ਕਿਥੋਂ ਲੈ ਕੇ ਸ਼ਬਦ ਭੰਡਾਰ ਲਿਖਾਂ।
ਲਿਖਾਂ ਦਇਆ ਸਾਗਰ, ਲਿਖਾਂ ਦੇਸ਼-ਦਰਦੀ, ਤੈਨੂੰ ਦੇਸ਼ ਦਾ ਸ਼ਾਂਤਿ-ਅਵਤਾਰ ਲਿਖਾਂ।
ਸੋਹਣੇ ਦਾਤਾ ਕੁਰਬਾਨੀ ਦੇ ਪੁੰਜ ਤੇਰਾ ਆਪਾ ਵਾਰਨ ਦਾ ਕਿਵੇਂ ਵਿਸਥਾਰ ਲਿਖਾਂ।
ਤੇਰਾ ਸਾਨੀ ਨਾ ਹੋਇਆ ਹੈ ਜਗ ਅੰਦਰ, ਕਿਹੜੇ ਕਿਹੜੇ ਮੈਂ ਤੇਰੇ ਉਪਕਾਰ ਲਿਖਾਂ।
ਭਾਰਤ ਵਰਸ਼ ਦੇ ਸੋਹਣੇ ਇਤਿਹਾਸ ਅੰਦਰ, ਤੇਰੇ ਜੀਵਨ ਦਾ ਸੂਰਨ ਮਈ ਬਾਬ ਲਿਖਿਆ।
ਜ਼ੱਰੇ ਜ਼ੱਰੇ ਤੇ ਤੇਰੇ ਤਿਆਗ ਵਾਲਾ, ਕਾਂਡ ਲਿਖਿਐ ਜੋ ਬੇਹਿਸਾਬ ਲਿਖਿਆ।

ਤੱਤੀ ਤਵੀ ਤੇ ਆਸਣ ਲਗਾ ਕੇ ਤੇ ਰੇਤਾਂ ਤਤੀਆਂ ਸੀਸ ਪੁਆਈ ਜਾਣਾ।
ਤੇਰਾ ਕੰਮ ਹੈ ਸੀ ਦੁਖ ਜਰੀ ਜਾਣਾ ਅਤੇ ਭਾਣੇ ਵਿਚ ਸ਼ੁਕਰ ਮਨਾਈ ਜਾਣਾ।
ਖੁਸ਼ ਰਹਿ ਕੇ ਰਬੀ ਰਜ਼ਾ ਅੰਦਰ, ਨਾਮ-ਸਾਗਰ ਵਿਚ ਤਾਰੀਆਂ ਲਾਈ ਜਾਣਾ।
ਧਰਮ ਸ਼ਮ੍ਹਾ ਤੇ ਕਰਦਿਆਂ ਸੀਸ ਸਦਕੇ ਮੂੰਹੋਂ ਗੀਤ ਗੋਬਿੰਦ ਦੇ ਗਾਈ ਜਾਣਾ।
ਜਾਗ ਪਏ ਜਜ਼ਬੇ, ਰੌਸ਼ਨ ਹੋਏ ਹਿਰਦੇ, ਤੇਰੀ ਜੋਤਿ ਨੇ ਚਾਨਣ ਖਲੇਰ ਦਿਤਾ।
ਤੇਰੇ ਤਪ-ਤਿਆਗ ਨੇ ਜਗ ਅੰਦਰ, ਹੋਕਾ ਮਰਦਊ-ਪੁਣੇ ਦਾ ਫੇਰ ਦਿਤਾ।

ਵਰਨਨ ਕਰਦਿਆਂ ਕਾਲਜਾ ਮੂੰਹ ਆਵੇ, ਜਿਹੇ ਜਿਹੇ ਦੁਖ ਜੱਗ ਤੇ ਜਰ ਗਇਉਂ ਤੂੰ।
ਅਰਸ਼ੀ ਦਾਤਿਆ, ਮਾਨਵਤਾ ਰਾਹ ਉਤੇ ਦੀਵਾ ਬਾਲ ਸ਼ਹਾਦਤ ਦਾ ਧਰ ਗਇਉਂ ਤੂੰ।
ਰੌਸ਼ਨ ਹੋ ਗਏ ਰਾਹ ਮਰਜੀਵੜਿਆਂ ਲਈ, ਅਮਰ ਜਿਨ੍ਹਾਂ ਨੂੰ ਸਦਾ ਲਈ ਕਰ ਗਇਉਂ ਤੂੰ।
ਦੌਰ ਚਲ ਪਿਆ ਤਿਆਗ ਕੁਰਬਾਨੀਆਂ ਦਾ, ਬਲ ਸਾਹਸ ਅਨੋਖਾ ਹੀ ਭਰ ਗਇਉਂ ਤੂੰ।
ਭਾਰਤ-ਵਾਸੀਆਂ ਨੂੰ ਕਦੀ ਭੁਲ ਕੇ ਵੀ, ਭੁਲ ਸਕਦੇ ਨਹੀਂ ਅਹਿਸਾਨ ਤੇਰੇ।
ਹਸ਼ਰ ਤੀਕ ਵੀ 'ਮਿੱਤਰ' ਸੰਸਾਰ ਅੰਦਰ, ਰਹਿਸਨ ਚਮਕਦੇ ਸਦਾ ਨਿਸ਼ਾਨ ਤੇਰੇ।

---

# ਬਿਲਗਾ (ਜਲੰਧਰ) ਵਿਖੇ ਰੈਣ-ਸਬਾਈ ਕੀਰਤਨ

ਸ: ਰਘਬੀਰ ਸਿੰਘ ਜੀ ਪਟਵਾਰੀ ਬਿਲਗਾ ਇਤਲਾਹ ਦਿੰਦੇ ਹਨ ਕਿ ਤਿੰਨ ਜੁਲਾਈ ਸ਼ਨੀਵਾਰ ਦੀ ਰਾਤ ਨੂੰ ਬਿਲਗਾ ਤਸੀਲ ਫਿਲੋਰ ਜ਼ਿਲਾ ਜਲੰਧਰ ਵਿਖੇ ਪੰਚਮ ਪਾਤਸ਼ਾਹ ਜੀ ਦੇ ਇਤਿਹਾਸਕ ਗੁਰਦਵਾਰੇ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ।

ਬਿਲਗਾ ਰੇਲਵੇ ਸਟੇਸ਼ਨ ਲੁਧਿਆਣਾ-ਨਕੋਦਰ-ਲੋਹੀਆ ਖਾਸ ਰੇਲਵੇ ਲਾਈਨ ਤੇ ਹੈ। ਬਿਲਗੇ ਲਈ ਬਸਾਂ ਜਲੰਧਰ ਫਗਵਾੜਾ ਆਦਿ ਤੋਂ ਆਮ ਮਿਲ ਜਾਂਦੀਆਂ ਹਨ।

---

# ਗੁਰਦੁਆਰਾ ਰਾਮਪੁਰ ਖੇੜਾ ਵਿਖੇ ਨਾਮ ਅਭਿਆਸ ਕਮਾਈ ਸਮਾਗਮ

ਪਿਛਲੇ ਸਾਲਾਂ ਵਾਂਗ ਗੁਰਦੁਆਰਾ ਰਾਮਪੁਰਾ (ਗੜ੍ਹਦੀਵਾਲਾ) ਜ਼ਿਲਾ ਹੁਸ਼ਿਆਰਪੁਰ ਵਿਖੇ ੧੧ ਜੁਲਾਈ ਤੋਂ ੧੮ ਜੁਲਾਈ ੧੯੭੬ ਤਕ ਹੋ ਰਹੇ ਹਨ। ਪ੍ਰੋਗਰਾਮ ਦਾ ਵੇਰਵਾ ਆਉਂਦੇ ਪਰਚੇ ਵਿਚ ਵੇਖੋ।



www.AKJ.Org

# ਬੀਬੀ ਜਿਵਾਈ ਜੀ

[ਵਲੋਂ :—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ]

ਭਾਈ ਜੀਵਾ ਜੀ, ਗੁਰੂ ਅੰਗਦ ਦੇਵ ਜੀ ਦੇ ਇਕ ਬਹੁਤ ਪਿਆਰੇ ਸਿੱਖ ਹੋਏ ਹਨ। ਜਦੋਂ ਉਨ੍ਹਾਂ ਨੇ ਗੁਰਸਿੱਖੀ ਧਾਰਨ ਕੀਤੀ ਸੀ ਤਾਂ ਹਿਰਦੇ ਵਿਚ ਸੇਵਾ ਕਰਨ ਦਾ ਮਹਾਨ ਚਾਉ ਉਮਡ ਆਇਆ ਸੀ। ਇਹ ਨੇਮ ਬਣਾ ਲਿਆ ਕਿ ਰੋਜ਼ਾਨਾ ਗੁਰੂ ਸਾਹਿਬ ਲਈ ਖਿਚੜੀ ਤੇ ਦਹੀਂ ਲੈ ਕੇ ਜਾਣਾ ਹੈ ਅਤੇ ਗੁਰੂ ਸਾਹਿਬ ਨੂੰ ਛਕਾ ਕੇ ਪਿਛੋਂ ਕੁਝ ਆਪ ਛਕਣਾ ਹੈ। ਇਹ ਨੇਮ ਉਨ੍ਹਾਂ ਨੇ ਕਈ ਸਾਲ ਨਿਭਾਇਆ। ਗੁਰੂ ਸਾਹਿਬ ਦੀਆਂ ਉਨ੍ਹਾਂ ਤੇ ਬੇਅੰਤ ਮਿਹਰਾਂ ਸਨ ਅਤੇ ਕਈ ਵਾਰੀ ਉਨ੍ਹਾਂ ਦੀ ਸੇਵਾ ਨੂੰ ਸੰਗਤ ਵਿਚ ਸਲਾਹਿਆ ਸੀ।

ਤਵਾਰੀਖ ਗੁਰੂ ਖਾਲਸਾ ਹਿੱਸਾ ਪਹਿਲਾ, ਪੰਨਾ ੩੦੩ ਵਿਚ ਲਿਖਿਆ ਹੋਇਆ ਹੈ ਕਿ ਇਕ ਜੀਵਾ ਨਾਮ ਦਾ ਜ਼ਿਮੀਦਾਰ ਗੁਰੂ ਕਾ ਪ੍ਰੇਮੀ ਸਿੱਖ ਸੀ, ਉਹ ਤਿੰਨ ਕੋਹ ਤੋਂ ਅੰਮ੍ਰਿਤ ਵੇਲੇ ਖਿਚੜੀ ਤੇ ਦਹੀਂ ਲੈ ਕੇ ਗੁਰੂ ਜੀ ਵਾਸਤੇ ਰੋਜ਼ ਆਉਂਦਾ ਤੇ ਫੇਰ ਉਸ ਦੀ ਪੁੱਤਰੀ ਜਿਵਾਈ ਨਾਮੀ ਪ੍ਰੇਮ ਵਿਚ ਰੱਤੀ ਹੋਈ ਲੈ ਕੇ ਆਉਣ ਲਗੀ।

ਬੀਬੀ ਜਿਵਾਈ, ਆਪਣੇ ਪਿਤਾ ਵਾਂਗੂ ਗੁਰੂ-ਘਰ 'ਤੇ ਬਹੁਤ ਸ਼ਰਧਾ ਰਖਦੀ ਸੀ। ਚੂੰਕਿ ਬਚਪਨ ਵਿਚ ਹੀ ਉਸ ਨੂੰ ਪਿਤਾ ਦੀ ਗੋਦ ਵਿਚ ਗੁਰਮਤਿ ਦੀ ਲੋਰੀ ਮਿਲੀ ਸੀ ਅਤੇ ਮਾਂ ਦੀ ਵੀ ਇਹੋ ਸਿਖਿਆ ਸੀ— "ਬੇਟੀ ! ਗੁਰੂ ਘਰ ਵਲੋਂ ਕਦੀ ਮੁਖ ਨਹੀਂ ਮੋੜਨਾ। ਗੁਰੂ ਘਰ ਨਾਲ ਹੀ ਪਿਆਰ ਕਰਦੇ ਹੋਏ ਆਪਾ ਨਿਛਾਵਰ ਕਰ ਦੇਣਾ ਹੈ।" ਫਿਰ ਪਿਤਾ ਜੀ ਜਦੋਂ ਗੁਰੂ ਸਾਹਿਬ ਲਈ ਖਿਚੜੀ ਤੇ ਦਹੀਂ ਲੈ ਜਾਂਦੇ ਸਨ ਤਾਂ ਬੀਬੀ ਜਿਵਾਈ ਵੀ ਨਾਲ ਹੋ ਤੁਰਦੀ ਸੀ। ਗੁਰੂ ਸਾਹਿਬ ਦੇ ਦਰਸ਼ਨ ਕਰ ਕੇ ਬੀਬੀ ਜਿਵਾਈ ਨੂੰ ਜੋ ਖੁਸ਼ੀ ਹੁੰਦੀ ਸੀ, ਉਹ ਕਥਨ ਤੋਂ ਬਾਹਰ ਹੈ। ਗੁਰੂ ਸਾਹਿਬ ਦੇ ਚਰਨਾਂ ਤੇ ਉਸ ਦਾ ਮਨ ਡੁਲ੍ਹ ਡੁਲ੍ਹ ਪੈਂਦਾ ਸੀ। ਗੁਰੂ ਸਾਹਿਬ ਜਦੋਂ ਕਹਿੰਦੇ—"ਪੁੱਤਰੀ ! ਤੂੰ ਸਰਲ ਹੈਂ; ਜਿਸਦਾ ਜਨਮ ਗੁਰਮੁਖ ਪਿਆਰਿਆਂ ਦੇ ਘਰ ਹੋਇਆ ਹੈ। ਨਾਮ ਖੁਮਾਰੀ ਵਿਚ ਗਵਾਚੀ ਰਹੁ।" ਇਹ ਸੁਣ ਕੇ ਬੀਬੀ ਜਿਵਾਈ ਦਾ ਮਨ ਖਿੜ ਪੈਂਦਾ ਅਤੇ ਉਹ ਬੇਨਤੀ ਕਰਦੀ, "ਦਾਤਾ ! ਤੁਹਾਡੀ ਬਖ਼ਸ਼ਸ਼ ਚਾਹੀਦੀ ਹੈ। ਤੁਹਾਡਾ ਮਿਹਰ ਭਰਿਆ ਹੱਥ ਜੇ ਸਿਰ ਤੇ ਰਹੇਗਾ ਤਾਂ ਮੈਂ ਤੁਹਾਡੇ ਦਸੇ ਮਾਰਗ ਤੇ ਚਲ ਸਕਾਂਗੀ ਅਤੇ ਜਨਮ ਸਫਲਾ ਹੋ ਸਕੇਗਾ।

ਫਿਰ ਉਹ ਵੀ ਦਿਨ ਆ ਗਿਆ ਜਦੋਂ ਉਸ ਦੇ ਮਾਤਾ ਜੀ ਵੀ ਚਲ ਵਸੇ। ਬੀਬੀ ਜਿਵਾਈ ਨੇ ਵਿਛੋੜੇ ਨੂੰ ਅਨੁਭਵ ਕਰਦੇ ਹੋਏ ਵੀ ਗੁਰੂ-ਦਰ ਦਾ ਪਲਾ ਨਹੀਂ ਛਡਿਆ। ਪਿਤਾ ਜੀ ਨਾਲ ਬਰਾਬਰ ਗੁਰੂ ਸਾਹਿਬ ਦੇ ਚਰਨਾਂ ਵਿਚ ਖਿਚੜੀ ਤੇ ਦਹੀਂ ਲੈ ਕੇ ਪੁਜਦੀ ਰਹੀ ਅਤੇ ਸੱਚੀਆਂ ਖੁਸ਼ੀਆਂ ਦਾ ਰਸ ਮਾਣਦੀ ਰਹੀ।

ਸਮਾਂ ਆਉਣ ਤੇ ਭਾਈ ਜੀਵਾ ਜੀ ਵੀ ਪਰਲੋਕ ਨੂੰ ਪਿਆਨੇ ਕਰ ਗਏ। ਪਿਤਾ ਜੀ ਤੋਂ ਬਾਅਦ, ਬੀਬੀ ਜਿਵਾਈ ਜੀ ਨੇ ਗੁਰੂ ਸਾਹਿਬ ਨੂੰ ਖਿਚੜੀ ਤੇ ਦਹੀਂ ਛਕਾਉਣ ਦੀ ਜ਼ੁਮੇਵਾਰੀ ਨੂੰ ਜਿਸ ਪ੍ਰੇਮ ਨਾਲ ਨਿਭਾਇਆ, ਉਹ ਆਪਣੀ ਮਿਸਾਲ ਆਪ ਹੈ। ਉਹ ਵੀ ਇਨ੍ਹਾਂ ਲੀਹਾਂ ਤੇ ਚਲੀ ਕਿ ਗੁਰੂ ਸਾਹਿਬ ਨੂੰ ਛਕਾ ਕੇ ਪਿਛੋਂ ਕੁਝ ਆਪ ਅੰਗੀਕਾਰ ਕਰਨਾ ਹੈ।

ਗੁਰਮੁਖਾਂ ਦੇ ਜੋ ਲਛਣ ਭਾਈ ਗੁਰਦਾਸ ਜੀ ਨੇ ਦਸੇ ਹਨ, ਉਹ ਇਨ ਬਿਨ ਬੀਬੀ ਜਿਵਾਈ ਦੀ ਜ਼ਿੰਦਗੀ ਤੇ ਢੁਕਦੇ ਹਨ—ਜਿਵੇਂ:—

ਗੁਰਮੁਖਿ ਸਬਦ ਸਮ੍ਹਾਲ ਸੁਰਤਿ ਸਮਾਲੀਐ।
ਗੁਰਮੁਖਿ ਨਦਰਿ ਨਿਹਾਲ ਨੇਹ ਨਿਹਾਲੀਐ।
ਗੁਰਮੁਖਿ ਸੇਵਾ ਘਾਲਿ ਵਿਰਲੇ ਘਾਲੀਐ।
ਗੁਰਮੁਖਿ ਦੀਨ ਦਇਆਲ ਹੇਤੁ ਹਿਆਲੀਐ।
ਗੁਰਮੁਖਿ ਨਿਬਹੈ ਨਾਲਿ ਗੁਰਸਿਖ ਪਾਲੀਐ।
ਰਤਨ ਪਦਾਰਥ ਲਾਲ ਗੁਰਮੁਖਿ ਭਾਲੀਐ।
ਗੁਰਮੁਖਿ ਅਕਲ ਅਕਾਲ ਭਗਤਿ ਸੁਖਾਲੀਐ।
ਗੁਰਮੁਖਿ ਹੰਸਾ ਢਾਲਿ ਰਸਿਕ ਰਸਾਲੀਐ॥੧੪॥੩॥

ਇਕ ਦਿਨ ਦੀ ਵਾਰਤਾ ਹੈ ਕਿ ਬੜੇ ਜ਼ੋਰ ਦੀ ਹਨੇਰੀ ਚਲ ਰਹੀ ਸੀ, ਹਟਣ ਵਿਚ ਨਹੀਂ ਸੀ ਆ



www.AKJ.Org

ਰਹੀ। ਬੀਬੀ ਜਿਵਾਈ ਨੇ ਸੋਚਿਆ ਕਿ ਜੇ ਇਸੇ ਤਰ੍ਹਾਂ ਹਨੇਰੀ ਚਲਦੀ ਰਹੀ ਤਾਂ ਮੈਂ ਸਮੇਂ ਸਿਰ ਖਿਚੜੀ ਅਤੇ ਦਹੀਂ ਲੈ ਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਨਹੀਂ ਪੁਜ ਸਕਾਂਗੀ। ਉਸ ਨੇ ਵਾਹਿਗੁਰੂ ਅਗੇ ਹਨੇਰੀ ਦੇ ਹਟਣ ਲਈ ਅਰਦਾਸ ਕੀਤੀ। ਅਕਾਲ ਪੁਰਖ ਨੇ ਸੇਵਕ ਦੀ ਅਰਦਾਸ ਸੁਣ ਲਈ। ਹਨੇਰੀ ਉਸੇ ਵੇਲੇ ਬੰਦ ਹੋ ਗਈ। ਬੀਬੀ ਦੀ ਨਿਤ ਦੀ ਲਗਾਤਾਰ ਸੇਵਾ ਕਾਰਨ ਉਸ ਵਿਚ ਆਤਮ-ਸਤਾ ਬਲਵਾਨ ਹੋ ਚੁਕੀ ਸੀ ਅਤੇ ਭਜਨ ਬੰਦਗੀ ਵਾਲਿਆਂ ਗੁਰਮੁਖਾਂ ਜਨਾਂ ਵਾਂਗ ਉਹ ਉਚ ਉਡਾਰੀਆਂ ਵਿਚ ਵਿਚਰਦੀ ਸੀ। ਇਸ ਆਤਮ-ਸਤਾ ਦੇ ਕਾਰਨ ਉਸ ਦੀ ਅਰਦਾਸ ਝਟ ਪਰਵਾਨ ਹੋ ਗਈ।

ਉਹ ਜਦੋਂ ਰਵਾਂ ਰਵੀਂ ਖਿਚੜੀ ਤੇ ਦਹੀਂ ਲੈ ਕੇ ਗੁਰੂ ਸਾਹਿਬ ਪਾਸ ਪੁਜੀ ਤਾਂ ਗੁਰੂ ਸਾਹਿਬ ਨੇ ਖਿਚੜੀ ਤੇ ਦਹੀਂ ਛਕਣ ਤੋਂ ਇਨਕਾਰ ਕਰ ਦਿੱਤਾ। ਇਹ ਦੇਖ ਕੇ ਬੀਬੀ ਜਿਵਾਈ ਬਹੁਤ ਘਬਰਾਈ। ਹੱਥ ਜੋੜੇ ਤੇ ਬੇਨਤੀ ਕੀਤੀ—"ਸੱਚੇ ਪਿਤਾ ਜੀਉ! ਅਜ ਮੇਰੇ ਪਾਸੋਂ ਕੀ ਗ਼ਲਤੀ ਹੋਈ ਹੈ ਜੋ ਤੁਸਾਂ ਨੇ ਖਿਚੜੀ ਤੇ ਦਹੀਂ ਪਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਹੈ? ਮੇਰੀ ਜੇ ਕੋਈ ਗ਼ਲਤੀ ਹੈ ਤਾਂ ਅਨਜਾਣ ਬੱਚੀ ਸਮਝ ਕੇ ਬਖਸ਼ ਲਵੋ ਜੀ।"

ਗੁਰੂ ਸਾਹਿਬ—ਪੁੱਤਰੀ! ਤੂੰ ਅੱਜ ਰੱਬ ਦੇ ਭਾਣੇ ਨੂੰ ਉਲਟਾਇਆ ਹੈ। ਸਾਡਾ ਕੰਮ ਹੈ ਰੱਬ ਦੇ ਭਾਣੇ ਵਿਚ ਸ਼ਾਕਰ ਰਹਿਣਾ। ਇਸ ਹਨੇਰੀ ਨੇ ਅਨੇਕਾਂ ਜੀਵਾਂ ਦਾ ਭਲਾ ਕਰਨਾ ਸੀ, ਤੂੰ ਉਸ ਭਲੇ ਵਿਚ ਰੁਕਾਵਟ ਬਣੀ ਹੈਂ। ਪੁੱਤਰੀ! ਇਹ ਤਾਂ ਠੀਕ ਹੈ ਕਿ ਨਾਮ ਜਪਦੇ ਤੇ ਸੇਵਾ ਕਰਦੇ ਹੋਏ ਤੇਰੇ ਵਿਚ ਸਤਿਆ ਆ ਚੁਕੀ ਹੈ। ਪਰ ਜੇ ਵਾਹਿਗੁਰੂ ਦੇ ਭਾਣੇ ਵਿਚ ਦਖ਼ਲ ਦੇਵੇਂਗੀ ਤਾਂ ਫਿਰ ਉਸ ਦੀ ਖ਼ੁਸ਼ੀ ਖੋਹ ਬੈਠੇਂਗੀ। ਗੁਰੂ ਨਾਨਕ ਪਾਤਸ਼ਾਹ ਦਾ ਫ਼ੁਰਮਾਨ ਹੈ:—

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ
ਤਾ ਸਾਈ ਕਾਰ ਕਰਾਇਸੀ ॥
ਸੋ ਸੇਵਕੁ ਸੇਵਾ ਕਰੇ
ਜਿਸ ਨੋ ਹੁਕਮੁ ਮਨਾਇਸੀ ॥
ਹੁਕਮਿ ਮੰਨਿਐ ਹੋਵੈ ਪਰਵਾਣੁ
ਤਾ ਖਸਮੈ ਕਾ ਮਹਲੁ ਪਾਇਸੀ ॥
ਖਸਮੈ ਭਾਵੈ ਸੋ ਕਰੇ
ਮਨਹੁ ਚਿੰਦਿਆ ਸੋ ਫਲੁ ਪਾਇਸੀ ॥
ਤਾ ਦਰਗਹ ਪੈਧਾ ਜਾਇਸੀ ॥੧੫॥

[ਆਸਾ ਕੀ ਵਾਰ

ਤੈਨੂੰ ਵਾਹਿਗੁਰੂ ਦੇ ਹੁਕਮ ਵਿਚ ਰਹਿ ਕੇ ਆਪਣੀ ਸੇਵਾ ਨਿਭਾਉਣੀ ਲੋੜੀਦੀ ਹੈ। ਵਾਹਿਗੁਰੂ ਦੇ ਹੁਕਮ ਵਿਚ ਸੇਵਕ ਨੇ ਰਹਿਣਾ ਹੈ, ਨਾ ਕਿ ਹੁਕਮ ਵਿਚ ਹੀਲ-ਹੁਜਤ ਕਰਨੀ। ਸੇਵਕ ਨੇ ਹੁਕਮ ਅਗੇ ਸਿਰ ਨਿਵਾਣਾ ਹੈ। ਹੁਕਮ ਵਿਚ ਫੇਟ ਪਾਉਣ ਵਾਲਾ ਸੇਵਕ ਨਹੀਂ ਹੋ ਸਕਦਾ। ਜੇ ਅਕਾਲ ਪੁਰਖ ਦੀਆਂ ਖ਼ੁਸ਼ੀਆਂ ਲੈਣੀਆਂ ਹਨ ਤਾਂ—

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥
ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥

[ਆਸਾ ਕੀ ਵਾਰ, ਮ: ੨

ਬੀਬੀ ਜਿਵਾਈ—ਪਿਤਾ ਜੀ! ਮੈਂ ਭੁਲ ਗਈ। ਮੈਨੂੰ ਬਖ਼ਸ਼ ਲਓ, ਮੈਂ ਭਾਣੇ ਵਿਚ ਫੇਰ ਪਾਇਆ, ਮੈਂ ਨਿਸ਼ਾਨੇ ਤੋਂ ਖੁੰਝ ਗਈ। ਕਿਰਪਾਲੂ ਪਿਤਾ ਜੀਉ, ਬਖ਼ਸ਼ ਲਓ, ਬਖ਼ਸ਼ਾਇ ਲਓ ਜੀ ਅਤੇ ਭਾਣਾ ਮੰਨਣ ਦੀ ਸੋਝੀ ਬਖ਼ਸ਼ੋ ਜੀ।

ਇਹ ਕਹਿੰਦਿਆਂ ਹੋਇਆਂ ਬੀਬੀ ਜਿਵਾਈ ਨੇ ਆਪਣਾ ਸਿਰ ਗੁਰੂ ਸਾਹਿਬ ਦੇ ਚਰਨਾਂ ਤੇ ਰਖ ਦਿੱਤਾ ਅਤੇ ਅੱਖਾਂ ਵਿਚੋਂ ਅਥਰੂ ਜਾਰੀ ਹੋ ਗਏ।

ਧਰਮ ਪੋਥੀ ਨੰਬਰ ੩ ਪੰਨਾ ੮ ਵਿਚ ਪ੍ਰੋ: ਕਰਤਾਰ ਸਿੰਘ ਜੀ ਨੇ ਲਿਖਿਆ ਹੈ ਕਿ ਬੀਬੀ ਜਿਵਾਈ ਨੇ ਆਪਣੀ ਭੁਲ ਮੰਨ ਲਈ ਤੇ ਮਾਫ਼ੀ ਮੰਗੀ। ਉਸ ਨੇ ਤੇ ਹੋਰ ਸਿੱਖਾਂ ਨੇ ਗੁਰਸਿਖੀ ਦਾ ਇਹ ਉਚਾ ਅਸੂਲ ਚੰਗੀ ਤਰ੍ਹਾਂ ਸਮਝ ਲਿਆ ਤੇ ਹਮੇਸ਼ਾ ਇਸ ਦੀ ਪਾਲਣਾ ਕਰਨ ਦਾ ਇਕਰਾਰ ਕੀਤਾ। ਗੁਰੂ ਜੀ ਬੜੇ ਪਰਸੰਨ ਹੋਏ।

ਉਪਰੰਤ ਬੀਬੀ ਜਿਵਾਈ ਜੀ ਜਿਤਨਾ ਚਿਰ ਜੀਉਂਦੇ ਰਹੇ, ਰੱਬ ਦੇ ਭਾਣੇ ਵਿਚ ਸ਼ਾਕਰ ਰਹੇ। ਉਹ ਗੁਰੂ ਸਾਹਿਬ ਦੀਆਂ ਬਖ਼ਸ਼ਸ਼ਾਂ ਵਿਚ ਉਚੀ ਆਤਮ ਬਿਵਸਥਾ ਵਿਚ ਵਿਚਰਦੇ ਰਹੇ।

——o——



www.AKJ.Org

# ਮਹਾਨ ਇਸਤ੍ਰੀ ਮਾਤਾ ਨਾਨਕੀ ਜੀ

[ਵਲੋਂ—ਡਾਕਟਰ ਮਹਿੰਦਰ ਸਿੰਘ ਜੀ ਦਿਲੋਂ, ਪਟਿਆਲਾ]

ਸਿੱਖ ਇਤਿਹਾਸ ਅੰਦਰ 'ਨਾਨਕੀ' ਦੇ ਸੁਭ ਨਾਉਂ ਤੇ ਦੋ ਇਸਤ੍ਰੀਆਂ ਹੋਈਆਂ ਸਨ। ਇਕ "ਬੇਬੇ ਨਾਨਕੀ ਜੀ" ਜੋ ਬਾਬਾ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਸਨ। ਗੁਰੂ ਜੀ ਉਨ੍ਹਾਂ ਨੂੰ ਵੱਡੀ ਭੈਣ ਦੇ ਨਾਤੇ 'ਬੇਬੇ' ਕਹਿ ਕੇ ਬੁਲਾਂਦੇ ਸਨ ਅਤੇ ਉਨ੍ਹਾਂ ਦਾ ਬੜਾ ਸਤਿਕਾਰ ਕਰਦੇ ਸਨ। ਮਾਲਵੇ ਵਿਚ ਵੀ ਵੱਡੀ ਭੈਣ ਨੂੰ "ਬੇਬੇ" ਕਹਿਣ ਦਾ ਰਿਵਾਜ ਅਜੇ ਤਕ ਪ੍ਰਚਲਿਤ ਹੈ। ਜਗਤ ਅੰਦਰ 'ਬੇਬੇ ਨਾਨਕੀ ਜੀ' ਪਹਿਲੇ ਵਿਅਕਤੀ ਹੋਏ ਹਨ ਜਿਨ੍ਹਾਂ ਨੇ ਆਪਣੇ ਛੋਟੇ ਭਾਈ ਗੁਰੂ ਨਾਨਕ ਦੇਵ ਜੀ ਨੂੰ ਰੱਬ ਦਾ ਰੂਪ ਸਮਝਿਆ ਅਤੇ ਉਨ੍ਹਾਂ ਅੰਦਰ ਪ੍ਰਕਾਸ਼ਵਾਨ ਗਿਆਨ-ਸ਼ਕਤੀ ਅਨੁਭਵ ਕੀਤੀ।

ਦੂਸਰੀ ਸਤਿਕਾਰ ਯੋਗ ਇਸਤ੍ਰੀ ਮਾਤਾ ਨਾਨਕੀ ਜੀ ਹੋਏ ਹਨ ਜੋ ਗੁਰੂ ਤੇਗ ਬਹਾਦਰ ਜੀ ਦੇ ਮਾਤਾ ਸਨ। ਇਹ ਮਾਨਯੋਗ ਮਾਤਾ ਜੀ ਇਸ ਯੁਗ ਵਿਚ ਪਹਿਲੀ ਇਸਤ੍ਰੀ ਹੋਈ ਹੈ ਜਿਨ੍ਹਾਂ ਨੇ ਇਕ ਅਜਿਹੇ ਪੁੱਤਰ ਨੂੰ ਜਨਮ ਦਿਤਾ ਜੋ ਭਗਤ ਵੀ ਸਨ, ਸੂਰਮੇ ਵੀ ਸਨ ਅਤੇ ਮਹਾਨ ਦਾਨੀ ਵੀ ਸਨ। ਉਪਰੋਕਤ ਤਿੰਨਾਂ ਸੁਭ ਗੁਣਾਂ ਦੀ ਸਪੱਸ਼ਟਤਾ ਨਿਮਨ ਲਿਖਤ ਵਿਰਤਾਂਤ ਤੋਂ ਭਲੀ ਪ੍ਰਕਾਰ ਸਿਧ ਹੁੰਦੀ ਹੈ।

**ਸੂਰਮਾ :—**

ਗੁਰੂ ਤੇਗ ਬਹਾਦਰ ਜੀ ਨੇ ਕਰਤਾਰਪੁਰ ਦੇ ਰਣ-ਤੱਤੇ ਵਿਚ ੧੪ ਸਾਲ ਦੀ ਬਾਲਕ ਅਵਸਥਾ ਵਿਚ ਉਹ ਤੇਗ ਵਾਹੀ ਕਿ ਵੱਡੇ ਵੱਡੇ ਯੋਧੇ ਵੀ ਵੇਖ ਕੇ ਹੈਰਾਨ ਹੁੰਦੇ ਸਨ। ਕਈਆਂ ਇਤਿਹਾਸਕਾਰਾਂ ਦਾ ਖ਼ਿਆਲ ਹੈ ਕਿ ਪਹਿਲਾਂ ਗੁਰੂ ਸਾਹਿਬ ਦਾ ਨਾਉਂ ਤਿਆਗ ਮੱਲ ਸੀ, ਪਰ ਉਸ ਦਿਨ ਤੋਂ ਇਨ੍ਹਾਂ ਦੇ ਪਿਤਾ ਇਨ੍ਹਾਂ ਨੂੰ ਤੇਗ ਬਹਾਦਰ ਕਹਿਣ ਲਗ ਪਏ। ਉਸ ਉਪਰੰਤ ਇਨ੍ਹਾਂ ਦਾ ਨਾਉਂ ਤੇਗ ਬਹਾਦਰ ਪ੍ਰਸਿੱਧ ਹੋ ਗਿਆ। ਇਹ ਕਰਤਾਰਪੁਰ ਵਿਚ ਚੌਥੀ ਲੜਾਈ ਸੀ, ਜੋ ਗੁਰੂ ਹਰਿਗੋਬਿੰਦ ਸਾਹਿਬ ਉਤੇ ਮੁਗਲ ਹਕੂਮਤ ਵਲੋਂ 'ਠੋਸੀਆਂ ਗਈਆਂ' ਵਿਚੋਂ ਲੜਨੀ ਪਈ ਸੀ। ਮਾਤਾ ਨਾਨਕੀ ਜੀ ਵੀ ਕੋਠੇ ਉਤੇ ਚੜ੍ਹ ਕੇ ਆਪਣੇ ਪੁੱਤਰ (ਗੁਰੂ ਤੇਗ ਬਹਾਦਰ ਜੀ ਦੀ ਸੂਰਬੀਰਤਾ ਨੂੰ ਵੇਖ ਕੇ ਖ਼ੁਸ਼ ਹੋ ਰਹੇ ਸਨ।

**ਭਗਤ :—**

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਜੁਆਨ ਅਵਸਥਾ ਤੇ ਨਵ-ਵਿਆਹੁਤਾ ਜੀਵਨ, ਭਾਵ ੨੩ ਸਾਲ ਦੀ ਉਮਰ ਤੋਂ ਲੈ ਕੇ ੪੩ ਸਾਲ ਤਕ ਲਗਾਤਾਰ ਸਿਮਰਨ ਭਗਤੀ ਵਿਚ ਲੀਨ ਰਹਿ ਕੇ ਇਕ ਮਨ, ਇਕ ਚਿਤ ਹੋ ਕੇ ਅਡੋਲ ਬਿਰਤੀ ਵਿਚ ਬਤੀਤ ਕੀਤੇ ਸਨ। ਸੰਸਾਰ ਦੇ ਰਸਾਂ-ਕਸਾਂ ਤੇ ਵਿਕਾਰਾਂ ਤੋਂ ਮੁਕਤ ਰਹਿ ਕੇ ੨੦ ਸਾਲ ਇਕਾਗਰ-ਚਿੱਤ ਹੋ ਕੇ ਸਿਮਰਨ ਅਭਿਆਸ ਦੀ ਇਹ ਇਕ ਅਦੁਤੀ ਉਦਾਹਰਣ ਹੈ।

**ਦਾਨੀ :—**

ਗੁਰੂ ਸਾਹਿਬ ਇਕ ਮਹਾਨ ਦਾਨੀ ਹੋਏ ਹਨ। ਇਨ੍ਹਾਂ ਨੇ ਉਸ ਵੇਲੇ ਦੇ ਬਾਦਸ਼ਾਹ ਔਰੰਗਜ਼ੇਬ ਵਲੋਂ ਅਨਿਆਂ ਅਤੇ ਜ਼ੁਲਮ ਦੇ ਵਿਰੁਧ ਹਿੰਦੂ ਧਰਮ ਦੀ ਰੱਖਿਆ ਲਈ ਆਪਣੇ ਜੀਵਨ ਦਾ ਹੀ ਦਾਨ ਦੇ ਦਿਤਾ। ਇਸ ਤੋਂ ਵੱਡਾ ਦਾਨ ਸੰਸਾਰ ਵਿਚ ਕੋਈ ਹੋਰ ਵਸਤੂ ਨਹੀਂ ਹੋ ਸਕਦੀ। ਸੋ ਮੂੰਹੋਂ ਸੁਭਾਵਕ ਹੀ ਨਿਕਲਦਾ ਹੈ, 'ਧੰਨ ਮਾਤਾ ਨਾਨਕੀ ਜੀ।'

ਭਾਰਤ ਦੇ ਪ੍ਰਸਿੱਧ ਹਿੰਦੀ ਕਵੀ ਗੋਸਾਈਂ ਤੁਲਸੀ ਦਾਸ ਦਾ ਕਥਨ ਹੈ :—

ਜਨਨੀ ਜਨੇ ਤਾਂ ਭਗਤ ਜਨ ਕੈ ਦਾਤਾ ਕੈ ਸੂਰ ॥
ਨਹੀਂ ਤਾਂ ਜਨਨੀ ਬਾਂਝ ਰਹੇ ਕਾਹੇ ਗੰਵਾਵੈ ਨੂਰ ॥

ਭਾਵ ਜੇਕਰ ਮਾਂ ਬੱਚੇ ਨੂੰ ਜਨਮ ਦੇਵੇ ਤਾਂ ਉਹ ਬਾਲਕ ਰੱਬ ਦਾ ਭਗਤ ਹੋਵੇ, ਜਾਂ ਵੱਡਾ ਦਾਨੀ (ਉਦਾਰਚਿੱਤ) ਹੋਵੇ ਜਾਂ ਯੋਧਾ ਭਾਵ ਸੂਰਮਾ ਹੋਵੇ। ਜੇਕਰ ਉਸ ਦਾ ਬੱਚਾ ਤਿੰਨਾਂ ਗੁਣਾਂ ਤੋਂ ਸੱਖਣਾ ਹੋਵੇ, ਇਸ ਨਾਲੋਂ ਤਾਂ ਚੰਗਾ ਇਹੋ ਹੈ ਕਿ ਮਾਂ ਬਾਂਝ ਹੀ ਰਹਿੰਦੀ, ਅਥਵਾ ਬੱਚਾ ਹੀ ਪੈਦਾ ਨਾ ਕਰਦੀ ਅਤੇ ਨਾ



www.AKJ.Org

ਹੀ ਆਪਣੀ ਸੁੰਦਰਤਾ ਗੁਆਂਦੀ । ਪਰ ਧਨ ਮਾਤਾ 'ਨਾਨਕੀ ਜੀ' ਜਿਨ੍ਹਾਂ ਅਜਿਹੇ ਬਾਲਕ ਨੂੰ ਜਨਮ ਦਿੱਤਾ ਜੋ ਤਿੰਨਾਂ ਗੁਣਾਂ ਜਾਂ ਸਿਫ਼ਤਾਂ ਦਾ ਮਾਲਕ ਸੀ। ਗੁਰੂ ਤੇਗ ਬਹਾਦਰ ਜੀ ਵੱਡੇ ਸੂਰਮੇ, ਚੋਟੀ ਦੇ ਭਗਤ ਅਤੇ ਅਦੁੱਤੀ ਮਹਾਨ ਦਾਨੀ ਹੋਏ ਹਨ । ਗੋਸਾਈਂ ਤੁਲਸੀ ਦਾਸ ਨੇ ਪਤਾ ਨਹੀਂ ਕਿਸ ਧਿਆਨ ਜਾਂ ਵਿਚਾਰ ਅੰਦਰ ਉਪਰੋਕਤ ਦੋਹਰਾ' ਉਚਾਰਿਆ ਹੋਵੇ, ਪਰ ਭਾਵ ਸਪੱਸ਼ਟ ਹੈ ਅਤੇ ਇਸ ਯੁਗ ਅੰਦਰ 'ਮਾਤਾ ਨਾਨਕੀ ਜੀ' ਹੀ ਪਹਿਲੀ ਇਸਤ੍ਰੀ ਹੋਈ ਹੈ, ਜਿਨ੍ਹਾਂ ਨੇ ਕੇਵਲ ਇਕੋ ਗੁਣ ਵਾਲੇ ਨਹੀਂ, ਸਗੋਂ ਤਿੰਨਾਂ ਸਿਫ਼ਤਾਂ ਵਿਚ ਭਰਪੂਰ ਬਾਲਕ ਨੂੰ ਜਨਮ ਦਿਤਾ ਸੀ। ਇਸ ਸਾਲ ਵਿਚ ਜਿੱਥੇ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਦੀ ਤੀਜੀ ਸ਼ਤਾਬਦੀ ਅਸੀਂ ਮਨਾ ਰਹੇ ਹਾਂ, ਇਸੇ ਵਰ੍ਹੇ 'ਕੌਮਾਂਤਰੀ ਇਸਤ੍ਰੀ ਬਰਸ' ਵੀ ਮਨਾਇਆ ਜਾ ਰਿਹਾ ਹੈ। ਸੋ ਸਿੱਖ ਜਗਤ ਵਿਚ ਸਮੂੰਹ ਸਿੰਘ ਸਭਾਵਾਂ ਜਾਂ ਸੁਸਾਇਟੀਆਂ ਅਤੇ ਹੋਰ ਸੰਸਥਾਵਾਂ ਦਾ ਵੀ ਫ਼ਰਜ਼ ਬਣਦਾ ਹੈ ਕਿ 'ਮਾਤਾ ਨਾਨਕੀ ਜੀ' ਨੂੰ ਇਕ ਮਹਾਨ ਇਸਤ੍ਰੀ ਹੋਣ ਦੇ ਨਾਤੇ ਮਹਾਨ ਸਤਿਕਾਰ ਦੇ ਨਾਲ ਯਾਦ ਕੀਤਾ ਜਾਵੇ ।

ਮਾਵਾਂ ਦਾ ਦਰਜਾ ਤਾਂ ਹੁੰਦਾ ਹੀ ਸਭ ਤੋਂ ਉੱਚਾ ਹੈ। ਗੁਰੂ ਤੇਗ ਬਹਾਦਰ ਜੀ ਵੀ ਆਪਣੀ ਮਾਤਾ ਦਾ ਬੇਹੱਦ ਸਤਿਕਾਰ ਕਰਦੇ ਸਨ। ਜਦ ਗੁਰੂ ਸਾਹਿਬ ਨੇ ਕਹਿਲੂਰ ਦੇ ਪਹਾੜੀ ਰਾਜੇ ਦੀਪ ਚੰਦ ਤੋਂ ਪਿੰਡ ਮਾਖੋਵਾਲ ਦੀ ਧਰਤੀ ਖ਼ਰੀਦ ਕੇ ਨਗਰ ਵਸਾਇਆ ਤਾਂ ਉਸ ਨਗਰ ਦਾ ਨਾਉਂ ਆਪਣੀ ਮਾਤਾ ਜੀ ਦੇ ਨਾਉਂ ਉਤੇ 'ਚੱਕ ਨਾਨਕੀ' ਰਖਿਆ ਸੀ। ਪਿਛੋਂ ਜਾ ਕੇ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਰਹਿਣ ਲਈ ਕਿਲ੍ਹਾ ਅਨੰਦਗੜ੍ਹ ਬਣਾਇਆ ਤਾਂ ਉਸ ਸਮੇਂ ਤੋਂ ਉਹ ਨਗਰ ਅਨੰਦਪੁਰ ਸਾਹਿਬ ਪ੍ਰਸਿੱਧ ਹੋ ਗਿਆ।

ਸਿੱਖ ਧਰਮ, ਜਿਸ ਦੀ ਸਿੱਖ ਗੁਰੂਆਂ ਨੇ ਸਾਜਨਾ ਕੀਤੀ, ਕਿਸੇ ਖ਼ੁਸਕ ਫ਼ਲਸਫ਼ੇ ਜਾਂ ਖਿਆਲਾਂ ਦੀ ਉਡਾਰੀ ਵਿਚੋਂ ਕੇਵਲ ਸੋਚਾਂ ਵਿਚਾਰਾਂ ਦੀ ਹੀ ਉਪਜ ਨਹੀਂ ਹੈ ਬਲਕਿ ਅਮਲੀ ਤੇ ਆਦਰਸ਼ਕ ਜੀਵਨ-ਸੋਮੇ ਵਿਚੋਂ ਫੁੱਟਿਆ, ਮਨੁਖੀ ਭਾਈਚਾਰੇ ਨਾਲ ਜੁੜਿਆ, ਚੜ੍ਹਦੀ ਕਲਾ ਵਿਚ ਤੁਰਿਆ ਅਮਲੀ ਜੀਵਨ ਹੈ। ਉਸ ਦਾ ਅਸਲ ਮਨੋਰਥ ਵੀ ਅਮਲੀ ਤੇ ਆਦਰਸ਼ਕ ਜੀਵਨ ਵਾਲਾ ਇਨਸਾਨ ਬਣਾਉਣਾ ਹੈ।

ਸਿੱਖ ਗੁਰੂਆਂ ਨੇ ਵੀ ਜੋ ਉਪਦੇਸ਼ ਰਾਹੀਂ ਜਾਂ ਆਪਣੀ ਬਾਣੀ ਰਾਹੀਂ ਮਨੁਖੀ ਜੀਵਨ ਦੀਆਂ ਸਹੀ ਸੇਧਾਂ ਦਿਤੀਆਂ ਹਨ, ਉਨ੍ਹਾਂ ਉਤੇ ਉਹ ਆਪ ਚਲਦੇ ਸਨ। ਉਨ੍ਹਾਂ ਦਾ ਅਮਲੀ ਜੀਵਨ ਉਨ੍ਹਾਂ ਦੀ ਰਚੀ ਬਾਣੀ ਦੇ ਸਿਧਾਂਤਾਂ ਦੇ ਬਿਲਕੁਲ ਅਨੁਕੂਲ ਸੀ। ਬਲਕਿ ਕਈ ਇਤਿਹਾਸਕ ਘਟਨਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਉਹ ਕਹਿਣ ਜਾਂ ਉਪਦੇਸ਼ ਦੇਣ ਦੀ ਥਾਂ ਆਪਣੇ ਅਮਲੀ ਕਰਤੱਵਾਂ ਰਾਹੀਂ ਮਾਨਵਤਾ ਦੀ ਅਗਵਾਈ ਕਰਦੇ ਸਨ।

**ਪੰਚਮ ਗੁਰੂ ਅਰਜਨ ਦੇਵ ਜੀ ਨੇ ਆਪ ਅਕਹਿ ਤੇ ਅਸਹਿ ਕਸ਼ਟਾਂ ਸਹਿਤ ਸ਼ਹਾਦਤ ਦੇ ਕੇ ਆਪਣੇ ਆਦਰਸ਼ ਤੇ ਕਾਇਮ ਰਹਿਣ ਲਈ ਲੋੜ ਪੈਣ ਤੇ ਸ਼ਹੀਦ ਹੋ ਜਾਣਾ ਸਿਖਾਇਆ।**

ਏਸ ਸਬਕ ਦੀ ਪੈਰਵੀ ਵਿਚ ਸਿੱਖ ਕੌਮ ਨੇ ਜੋ ਅਮਲ ਕਮਾਇਆ ਹੈ, ਉਸ ਦੇ ਸਿੱਟੇ ਵਜੋਂ ਸਿੱਖ ਕੌਮ ਦੇ ਰੱਤ-ਰੰਗੇ ਪੰਨਿਆਂ ਦਾ ਇਤਿਹਾਸ ਇਕ ਸ਼ਹੀਦਾਂ ਦਾ ਇਤਿਹਾਸ ਹੀ ਬਣ ਗਿਆ ਹੈ।

ਧਰਮ ਦੀ ਖ਼ਾਤਰ ਸਿੰਘਣੀਆਂ ਵੀ ਸ਼ਹੀਦੀਆਂ ਪਾਉਣੋਂ ਸਿੰਘਾਂ ਨਾਲੋਂ ਪਿਛੇ ਨਹੀਂ ਰਹੀਆਂ ਅਤੇ ਆਪਣੇ ਬੱਚੇ ਟੋਟੇ ਟੋਟੇ ਕਰਵਾ ਕੇ ਝੋਲੀਆਂ ਵਿਚ ਪਵਾ ਲਏ ਸਨ। ਇਸ ਦਾ ਸਬਕ ਵੀ ਸਿੰਘਣੀਆਂ ਨੂੰ ਪਹਿਲਾਂ ਮਾਤਾ ਨਾਨਕੀ ਜੀ ਵਲੋਂ ਮਿਲ ਚੁਕਿਆ ਸੀ। ਮਾਤਾ ਨਾਨਕੀ ਜੀ ਪਹਿਲੀ ਇਸਤ੍ਰੀ ਹੈ, ਜਿਸ ਨੇ ਆਪਣੇ ਪੁੱਤਰ (ਗੁਰੂ) ਤੇਗ ਬਹਾਦਰ ਜੀ ਦਾ ਦਿੱਲੀ ਤੋਂ ਲਿਆਂਦਾ ਗਿਆ ਸੀਸ ਆਪਣੀ ਝੋਲੀ ਵਿਚ ਪਵਾ ਲਿਆ ਸੀ।

**ਧੰਨ ਮਾਤਾ ਨਾਨਕੀ ਜੀ :—**

ਜਿਨ੍ਹਾਂ ਦੇ ਸਤਿਕਾਰ ਯੋਗ ਸਹੁਰਾ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਸਿੱਖ ਕੌਮ ਦੇ ਮਹਾਨ ਤੇ ਸ਼੍ਰੋਮਣੀ ਸ਼ਹੀਦ ਹੋਏ ਹਨ।

[ ਬਾਕੀ ਸਫ਼ਾ ੨੯ ਦੇ ਹੇਠ ]



www.AKJ.Org

# ਦਰਬਾਰ ਸਾਹਿਬ

[ਵੱਲੋਂ :—ਸ: ਤੇਜਿੰਦਰ ਸਿੰਘ ਜੀ ਧੀਰਜ, ਨਵੀਂ ਦਿੱਲੀ]

ਇਹ ਦਰਬਾਰ ਸਾਹਿਬ
ਸੱਚੀ ਦਰਗਾਹ
ਸੱਚੇ ਰੱਬ ਦਾ ਘਰ
ਬਹੁਤ ਸੁੰਦਰ ਅਤੀ ਸੁੰਦਰ
ਪ੍ਰਕਰਮਾ ਵਿਚ ਵਿਛਿਆ
ਚਿੱਟਾ ਦੁੱਧ ਪੱਥਰ
ਸੁਵਛ ਸਰੋਵਰ ਦੇ ਜਲ ਵਿਚ
ਸਚਖੰਡ ਦਾ ਪਰਛਾਵਾਂ ਨਚਦਾ
ਸੋਨ ਮੜ੍ਹਿਆ, ਸੁਨਹਿਰੀ ਮੰਦਰ
ਬਹੁਤ ਸੁੰਦਰ, ਅਤੀ ਸੁੰਦਰ
ਹਾਏ ! ਇਸ ਦੇ ਪਿਛੇ ਲੁਕਿਆ
ਸਿੰਘਾਂ ਦਾ ਖ਼ੂਨੀ ਇਤਿਹਾਸ
ਪ੍ਰਕਰਮਾ ਤੇ ਜਿਸ ਜਗ੍ਹਾ
ਦਿਸਦਾ 'ਚਕਰ' ਦਾ ਨਿਸ਼ਾਨ
ਇਥੇ ਦੀਪ ਸਿੰਘ ਨੇ ਜ਼ੁਲਮ ਵਿਰੁਧ
ਸੀਸ ਦਿਤਾ ਆਣ
'ਲਾਚੀ ਬੇਰ' ਪਈ ਦਸਦੀ
ਸੁੱਖਾ ਸਿੰਘ, ਮਹਿਤਾਬ ਸਿੰਘ ਦਾ ਨਾਮ
ਜਿਨ੍ਹਾਂ ਸ਼ੇਰਾਂ ਵਾਂਗਰ ਲਈ ਸੀ
ਮੱਸੇ ਦੀ ਜਾਨ
'ਅਕਾਲ ਤਖ਼ਤ' ਦੇ ਪਿਛਲੇ ਪਾਸਿਓਂ
'ਖ਼ਬਰਦਾਰ' ਦੀ ਆ ਰਹੀ ਅਵਾਜ਼
ਜਿਵੇਂ ਗੁਰਬਖਸ਼ ਸਿੰਘ ਸਰਦਾਰ
ਹੈ ਅਜ ਵੀ ਪਹਿਰਾ ਦੇ ਰਿਹਾ।
'ਹਰਿ ਕੀ ਪੌੜੀ ਹਰਿ ਵਸੇ'
ਨਹੀਂ ਭੁਲਾਇਆ ਜਾਏਗਾ
ਕਦੇ ਸਿੰਘਾਂ ਦੇ ਗ੍ਰਿਹ ਯੁਧ ਦਾ
ਏਥੇ ਸੀ ਹੋਇਆ ਫ਼ੈਸਲਾ
ਜਿੰਨਾ ਇਹ ਮੰਦਰ ਸੋਹਣਾ ਜਾਪੇ
ਉਨਾ ਹੀ ਡੁਲ੍ਹਾ ਏ ਖ਼ੂਨ
ਅਣਖੀ ਸਿੰਘਾਂ ਦਾ
ਸਿਦਕੀ ਭੈਣਾਂ ਦਾ।

---

[ ੨੮ ਸਫ਼ੇ ਦੀ ਬਾਕੀ ]

ਜਿਨ੍ਹਾਂ ਦੇ ਸਪੁੱਤਰ ਧਰਮ ਦੇ ਰਖਿਅਕ ਗੁਰੂ ਤੇਗ ਬਹਾਦਰ ਜੀ ਮਹਾਨ ਸ਼ਹਾਦਤ ਪਾ ਕੇ ਹਿੰਦੂ ਧਰਮ ਤੇ ਭਾਰਤੀ ਸੰਸਕ੍ਰਿਤੀ ਨੂੰ ਬਚਾ ਗਏ ਹਨ।

ਜਿਨ੍ਹਾਂ ਦੇ ਪੋਤਰੇ ਗੁਰੂ ਗੋਬਿੰਦ ਸਿੰਘ ਜੀ ਸਰਬੰਸ-ਦਾਨੀ ਸ਼ਹੀਦ ਹੋਏ ਹਨ।

ਜਿਨ੍ਹਾਂ ਦੇ ਚਾਰੇ ਪੜੋਤੇ ਅਜੀਤ ਸਿੰਘ, ਜੁਝਾਰ ਸਿੰਘ ਜੀ, ਜੋਰਾਵਰ ਸਿੰਘ ਅਤੇ ਫ਼ਤਹ ਸਿੰਘ ਜੀ ਸ਼ਹੀਦ ਹੋਏ ਹਨ।

ਜਿਨ੍ਹਾਂ ਦੇ ਪੰਜੇ ਦੋਹਤੇ, ਭਾਵ ਬੀਬੀ ਵੀਰੋ ਦੇ ਪੰਜੇ ਸਪੁਤਰ ਸ਼ਹਾਦਤ ਪਾ ਗਏ ਹਨ (ਸੰਘੋ ਸ਼ਾਹ ਜੀ, ਗੁਲਾਬ ਚੰਦ ਜੀ, ਜੀਤ ਮਲ ਜੀ, ਗੰਗਾ ਰਾਮ ਜੀ ਅਤੇ ਮਾਹਮ ਚੰਦ ਜੀ)।

ਜਿਨ੍ਹਾਂ ਦੀ ਨੂੰਹ ਮਾਤਾ ਗੁਜਰੀ ਜੀ ਸ਼ਹੀਦ ਹੋਏ ਹਨ।

ਜਿਨ੍ਹਾਂ ਦੀ ਨੂੰਹ ਦੇ ਭਾਈ, ਕਿਰਪਾਲ ਚੰਦ ਜੀ ਸ਼ਹੀਦ ਹੋਏ ਹਨ।

ਮਾਤਾ ਨਾਨਕੀ ਜੀ ਦੇ ਪਰਿਵਾਰ ਦੀਆਂ ੧੪ ਮਹਾਨ ਹਸਤੀਆਂ ਸ਼ਹੀਦੀਆਂ ਪਾ ਚੁਕੀਆਂ ਹਨ, ਜਿਸ ਦੀ ਮਿਸਾਲ ਸੰਸਾਰ ਦੇ ਕਿਸੇ ਹੋਰ ਪਰਿਵਾਰ ਵਿਚ ਮਿਲਣੀ ਅਸੰਭਵ ਹੈ।

ਏਸ "ਕੌਮਾਂਤਰੀ ਇਸਤ੍ਰੀ ਵਰ੍ਹੇ" ਵਿਚ 'ਮਾਤਾ ਨਾਨਕੀ ਦਿਵਸ' ਮਨਾ ਕੇ ਸਤਿਕਾਰ ਯੋਗ ਮਾਤਾ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਦਾ ਦੁਰਲਭ ਅਵਸਰ ਮਿਲ ਗਿਆ ਹੈ।



www.AKJ.Org

ਪਾਕਿਸਤਾਨ ਵਿਚ ਰਹਿ ਗਏ

# ਇਤਿਹਾਸਕ ਗੁਰ-ਅਸਥਾਨਾਂ ਦੀ ਮੁਰੰਮਤ ਦੀ ਲੋੜ

ਮੈਂ ਗਿਆਨੀ ਗੁਰਬਚਨ ਸਿੰਘ ਮੈਨੇਜਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ (ਬਿਹਾਰ) ਪੰਜਾ ਸਾਹਿਬ ਦੀ ਯਾਤ੍ਰਾ ਲਈ ੧੮ ਸਿਖ ਯਾਤਰੂਆਂ ਦਾ ਜਥਾ ਲੈ ਕੇ ਗਿਆ ਸਾਂ। ਸਾਡੇ, ਪਾਸ ਪੋਰਟ ਬਿਹਾਰ ਸਰਕਾਰ ਰਾਹੀਂ ਬਣਾਏ ਗਏ ਸਨ।

ਦੇਸ਼ ਵੰਡ ਤੋਂ ਪਹਿਲੇ ਲਗ ਪਗ ਤਿੰਨ ਸਾਲ ਬਤੌਰ ਮੈਨੇਜਰ ਮੈਂ ਇਥੇ ਸੇਵਾ ਕਰ ਚੁਕਾ ਹਾਂ। ੧੯੪੬ ਵਿਚ ਸ਼੍ਰੋਮਣੀ ਕਮੇਟੀ ਨੇ ਵਾਪਸ ਬੁਲਾ ਲਿਆ ਸੀ।

੩੦ ਸਾਲਾਂ ਬਾਅਦ ਇਸ ਸਾਲ ਵਸਾਖੀ ਸਮੇਂ ਮੈਨੂੰ ਉਥੇ ਜਾਣ ਦਾ ਅਵਸਰ ਪ੍ਰਾਪਤ ਹੋਇਆ ਹੈ। ਗੁਰਦਵਾਰਾ ਪੰਜਾ ਸਾਹਿਬ ਦੀਆਂ ਇਮਾਰਤਾਂ ਨੂੰ ਵੇਖ ਕੇ ਮੇਰੀਆਂ ਅਖਾਂ ਭਰ ਆਈਆਂ, ਜਦ ਮੈਂ ਦੇਖਿਆ ਕਿ ਕਈ ਥਾਵਾਂ ਟੁਟੀਆਂ ਪਈਆਂ ਤੇ ਦਰਵਾਜ਼ੇ ਉਖੜੇ ਪਏ ਹਨ, ਕਈ ਕਮਰਿਆਂ ਦੀਆਂ ਪਉੜੀਆਂ ਏਨੀਆਂ ਗਿਰ ਚੁਕੀਆਂ ਹਨ ਕਿ ਉਹਨਾਂ ਕਮਰਿਆਂ ਵਿਚ ਜਾਣਾ ਨਾ-ਮੁਮਕਨ ਹੋ ਗਿਆ ਹੈ।

ਮੇਰੇ ਸਮੇਂ ਬੰਨੂੰ ਬਲਾਕ ਅਤੇ ਹਰਿਮੰਦਰ ਸਾਹਿਬ ਦੇ ਰਿਹਾਇਸ਼ੀ ਕਮਰੇ ਇਕੋ ਜਹੀ ਵਰਤੋਂ ਵਿਚ ਸਨ, ਪ੍ਰੰਤੂ ਹੁਣ ਇਸਦੇ ਦੋ ਹਿਸੇ ਕਰ ਦਿਤੇ ਗਏ ਹਨ। ਹਰੀਮੰਦਰ ਜੀ ਦੇ ਕਮਰਿਆਂ ਵਲ ਮੁਸਲਮਾਨਾਂ ਨੇ ਦੁਕਾਨਾਂ ਲਾਈਆਂ ਹੋਈਆਂ ਸਨ ਅਤੇ ਬੰਨੂੰ ਬਲਾਕ ਵਲ, ਤਿਰਾਹੀ, ਕਾਬਲ ਤੇ ਸਰਹੱਦੀ ਬੰਨੂੰ ਕੁਹਾਟ ਵਾਸੀ ਠਹਿਰਾਏ ਗਏ ਸਨ। ਉਹਨਾਂ ਵਿਚੋਂ ਅਨੇਕਾਂ ਹੀ ਹਿੰਦੂ ਸਹਿਜਧਾਰੀ ਸਿਗਰਟਾਂ ਪੀਂਦੇ ਮੈਂ ਅਖੀਂ ਡਿਠੇ ਤੇ ਕਈ ਇਕ ਨੂੰ ਰੋਕਿਆ ਭੀ, ਪਰ ਕੌਣ ਸੁਣਦਾ ਸੀ ਉਥੇ।

ਗੁਰੂ ਨਾਨਕ ਜੀ ਦੇ ਇਸ ਮਹਾਨ 'ਪਵਿਤਰ ਅਸਥਾਨ' ਨੂੰ ਅਸੀਂ ਸਦਾ ਹੀ ਆਪਣੀ ਜਾਨ ਤੋਂ ਪਿਆਰਾ ਸਮਝਦੇ ਹਾਂ। ਪੰਜਾ ਸਾਹਿਬ ਦੇ ਦੀਵਾਨ ਵਿਚ ਭੀ ਮੈਂ ਲੈਕਚਰ ਦੇਂਦਿਆਂ ਪਾਕਿਸਤਾਨ ਸਰਕਾਰ ਦਾ ਧਿਆਨ ਦਿਵਾਇਆ ਸੀ ਕਿ ਸਾਡੇ ਗੁਰਦਵਾਰਿਆਂ ਦੇ ਲਖਾਂ ਰੁਪਏ ਸਰਕਾਰ ਪਾਸ ਜਮ੍ਹਾ ਪਏ ਹਨ, ਕਿਉਂ ਨਹੀਂ ਉਸ ਵਿਚੋਂ ਖ਼ਰਚ ਕਰ ਕੇ ਹਰ ਸਾਲ ਮੁਰੰਮਤਾਂ ਕਰਾਈਆਂ ਜਾਂਦੀਆਂ?

ਮੈਂ ਇਹ ਭੀ ਆਖਿਆ ਸੀ ਕਿ ਜੇ ਪਾਕਿਸਤਾਨ ਦੇ ਧਾਰਮਕ ਵਿਭਾਗ (Hindu Sikh Religious Trust) ਨੂੰ ਕੋਈ ਔਖ ਹੁੰਦਾ ਹੋਵੇ ਤਾਂ ਜਦ ਭੀ ਨਨਕਾਣਾ ਸਾਹਿਬ, ਡੇਹਰਾ ਸਾਹਿਬ, ਪੰਜਾ ਸਾਹਿਬ, ਅਥਵਾ ਹੋਰ ਗੁਰ-ਥਾਨਾਂ ਤੇ ਯਾਤਰੂ ਜਾਣ ਉਹਨਾਂ ਨੂੰ ਲੋੜੀਦਾ ਸੀਮੇਂਟ ਤੇ ਸਮਾਨ ਮੁਹੱਈਆ ਕੀਤਾ ਜਾਇਆ ਕਰੇ, ਅਸੀਂ ਦੋ ਤਿੰਨ ਦਿਨਾਂ ਅੰਦਰ ਹੀ ਰਾਤ ਦਿਨ ਲਾ ਕੇ ਇਸ ਤਰ੍ਹਾਂ ਦੀ ਮੁਰੰਮਤ ਕਰ ਦਿਆ ਕਰਾਂਗੇ ਕਿ ਵਿਸ਼ਕਰਮਾ ਜੀ ਭੀ ਹੈਰਾਨ ਹੋ ਜਾਣਗੇ।

ਪਰ ਇਹ ਕੁਝ ਤਾਂ ਹੀ ਹੋ ਸਕੇਗਾ ਜੇ ਸ਼੍ਰੋਮਣੀ ਕਮੇਟੀ ਆਪਣਾ ਅਸਰ-ਰਸੂਖ਼ ਵਰਤੇ। ਸ਼੍ਰੋਮਣੀ ਕਮੇਟੀ ਤਾਂ ਹੀ ਜਾਗੇਗੀ ਜੇ ਸੰਗਤਾਂ ਹਲੂਣਾ ਦੇਣਗੀਆਂ।

ਅਸਾਂ ਇਸ ਯਾਤਰਾ ਵਿਚ ਪਾਕਿਸਤਾਨ ਦੇ ਕਰਮਚਾਰੀਆਂ ਦੀ ਕਾਫ਼ੀ ਤੰਗ-ਦਿਲੀ ਦੇਖੀ ਹੈ ਅਤੇ ਸਾਡੇ ਬੰਦਿਆਂ ਨੇ ਭੀ ਦਰਸ਼ਨਾਂ ਦੇ ਬਹਾਨੇ ਵਪਾਰ ਨੂੰ ਬਹੁਤੀ ਤਰਜੀਹ ਦਿਤੀ ਹੈ। ਅਤੇ ਬਹੁਤ ਮਾਲ ਵੇਚਿਆ ਤੇ ਖ੍ਰੀਦਿਆ ਗਿਆ।

ਲੰਗਰ ਬਣਾਨ ਵਾਲੇ ਜਿੰਨੇ ਉਤਸ਼ਾਹ ਨਾਲ ਬਣਾਂਦੇ ਸਨ ਖਾਣ ਵਾਲੇ ਉਨੇ ਹੀ ਬੇਤਰਤੀਬ ਤੇ ਲਾ ਪ੍ਰਵਾਹ ਦੇਖੇ ਗਏ।

ਐਵੇਂ ਨਿੰਦਾ ਉਸਤਤ ਕਰਨੀ ਚੰਗੀ ਨਹੀਂ, ਸ਼੍ਰੋਮਣੀ ਕਮੇਟੀ ਨੇ ਪ੍ਰਬੰਧ ਵਲ ਬਹੁਤ ਘਟ ਧਿਆਨ ਦਿਤਾ। ਸੰਗਤਾਂ ਬੇਮੁਹਾਰੀਆਂ ਸਨ ਅਤੇ ਦੀਵਾਨ ਦਾ ਪ੍ਰਬੰਧ ਨਾਂ ਮਾਤ੍ਰ ਸੀ। ਨਾ ਉਤੇ ਸ਼ਮਿਆਨੇ ਅਤੇ ਨਾ ਹੇਠਾਂ ਦਰੀਆਂ। ਖਾਲਸਾ ਰੜੇ ਮੈਦਾਨ ਹੀ ਬੈਠਦਾ ਰਿਹਾ। ਇਉਂ ਕਹਿਣਾ ਭੀ ਸ਼ਾਇਦ ਠੀਕ ਹੋਵੇ ਕਿ ਉਥੇ ਰਾਜ ਆਪੋ ਧਾਪੀ ਦਾ ਸੀ। ਬਾਹਰ ਜਾ ਕੇ ਜ਼ਿਮੇਵਾਰੀਆਂ ਵਧ ਜਾਂਦੀਆਂ ਹਨ। ਸੰਗਤਾਂ ਤੇ ਪ੍ਰਬੰਧਕਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ।

ਗੁਰਬਚਨ ਸਿੰਘ ਗਿਆਨੀ



www.AKJ.Org

# ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ

[ਵਲੋਂ:—ਸ: ਮਹਿੰਦਰਪਾਲ ਸਿੰਘ ਜੀ, ਹੈਪੀ ਨਿਵਾਸ]

ਅੱਜ ਦਾ ਮਨੁਖ, ਵਕਤ ਦੇ ਹਾਕਮਾਂ, ਸਰਮਾਏ-ਦਾਰਾਂ ਤੇ ਪੂੰਜੀਪਤੀਆਂ ਦੇ ਹਾੜੇ ਤਰਲੇ, ਖ਼ੁਸ਼ਾਮਦਾਂ ਤੇ ਵਿਗਾਰਾਂ ਕਰ ਰਿਹਾ ਹੈ। ਉਹ ਵਕਤੀ ਖ਼ੁਸ਼ੀਆਂ, ਅਹੁਦੇ, ਤਰੱਕੀਆਂ, ਰਿਆਇਤਾਂ ਅਤੇ ਸਨਮਾਨ ਪਾਪਤ ਕਰਨਾ ਚਾਹੁੰਦਾ ਹੈ।

ਮਨੁਖ ਵਿਸ਼ੇ ਵਿਕਾਰਾਂ ਦੇ ਕਰਮ ਰਾਹੀਂ ਪੈਦਾ ਹੋਇਆ ਹੈ। ਇਹ ਮੋਹ, ਮਾਇਆ, ਲਾਲਚਾਂ, ਤੇ ਖਾਣ ਦੇ ਚਸਕਿਆਂ ਦੇ ਮਾਹੌਲ ਵਿਚ ਵਡਾ ਹੁੰਦਾ ਹੈ। ਮਨੁਖੀ ਸਮਾਜ, ਸਰਮਾਏਦਾਰਾਂ ਜਾਂ ਹਾਕਮਾਂ ਦਾ ਸਤਿਕਾਰ ਪ੍ਰਸੰਸਾ ਕਰਦਾ ਹੈ। ਮਨੁਖ ਆਪ ਲਾਲਚੀ ਅਤੇ ਸੁਆਰਥੀ ਹੈ। ਆਪਣੀਆਂ ਗ਼ਰਜ਼ਾਂ, ਤੇ ਹਵਸਾਂ ਖ਼ਾਤਰ ਹੀ ਉਨ੍ਹਾਂ ਦੀ ਵਕਤੀ ਅਤੇ ਫ਼ੋਕੀ ਵਡਿਆਈ ਕਰਦਾ ਹੈ। ਈਰਖਾ, ਹੰਕਾਰ, ਹੈਂਕੜ, ਘਮੰਡ ਕਰਦਾ ਹੈ। ਜਿਤਨਾ ਵੀ ਉਸ ਪਾਸ ਧਨ ਦੌਲਤ, ਅਤੇ ਅਧਿਕਾਰ, ਅਖਤਿਆਰ ਵਧਦੇ ਜਾਂਦੇ ਹਨ ਉਹ ਦੂਜਿਆਂ ਨੂੰ ਨਫ਼ਰਤ ਕਰ ਸਕਣ ਦਾ ਅਧਿਕਾਰ ਅਤੇ ਹਕ ਸਮਝਣ ਲਗ ਜਾਂਦਾ ਹੈ। ਧਨ ਕਮਾਉਣ, ਬਟੋਰਨ, ਜੋੜਨ, ਵਿਖਾਵਾ ਕਰਨ ਲਈ ਹੁਸ਼ਿਆਰੀ, ਡਿਪਲੋਮੇਸੀ, ਬੇਈਮਾਨੀ, ਮਿਲਾਵਟਾਂ, ਸਮਗਲਿੰਗ, ਰਿਸ਼ਵਤਾਂ, ਕਮਿਸ਼ਨ, ਠਗੀ ਠੋਰੀ ਦੇ ਢੰਗ ਸਿਖਦਾ ਹੈ। ਰਿਸ਼ਵਤਾਂ ਦੇ ਕੇ ਰਿਸ਼ਵਤਾਂ ਕਮਾ ਸਕਣ ਵਾਲੇ ਅਹੁਦੇ ਪ੍ਰਾਪਤ ਕਰਨ ਲਈ ਹਾਕਮਾਂ ਦੀਆਂ ਮਿੰਨਤਾਂ, ਹਾੜੇ ਕਢਦਾ ਹੈ। ਰਾਤ ਦਿਨ ਝੂਠ ਦੇ ਵਾਪਾਰ ਅਤੇ ਪਸਾਰੇ ਵਿਚ ਵਿਚਰਦਾ ਹੈ। ਪਾਪ, ਜ਼ੁਲਮ, ਅਤਿਆਚਾਰ ਕਰਕੇ ਧਨ, ਮਾਇਆ ਇਕੱਠੀ ਕਰਦਾ ਹੈ ਅਤੇ ਆਪਣੀ ਔਲਾਦ ਵਿਚ ਖ਼ਰਚ ਕਰਦਾ ਹੈ। ਮਨੁੱਖ ਦੇ ਮਨ ਵਿਚ ਸਬਰ, ਸੰਤੋਖ, ਪਿਆਰ, ਹਮਦਰਦੀ, ਦਇਆ, ਸਿਮਰਨ, ਅਕਾਲ ਪੁਰਖ ਦਾ ਸ਼ੁਕਰ, ਬੰਦਗੀ, ਸੇਵਾ, ਪਰਉਪਕਾਰ ਦੀ ਭਾਵਨਾ ਖ਼ਤਮ ਹੋ ਕੇ ਕੇਵਲ ਹੰਕਾਰ ਹੀ ਹੰਕਾਰ ਰਹਿ ਗਿਆ ਹੈ। ਆਪ ਖਿਝਦਾ, ਕਰਿਝਦਾ, ਝੂਰਦਾ, ਸੜਦਾ, ਕੁੜ੍ਹਦਾ ਰਹਿੰਦਾ ਹੈ। ਇਸ ਲਈ ਅਨੇਕਾਂ ਕਿਸਮ ਦੀਆਂ ਚੰਦਰੀਆਂ ਬੀਮਾਰੀਆਂ, ਕੈਂਸਰ, ਦਿਲ ਦਾ ਦੌਰਾ ਅਧਰੰਗ, ਬਲੱਡ-ਪ੍ਰੈਸ਼ਰ ਅਤੇ ਦਿਮਾਗੀ ਰੋਗ ਸਹੇੜ ਲੈਂਦਾ ਹੈ। ਦਵਾਈਆਂ, ਟੀਕਿਆਂ ਦੇ ਸਹਾਰੇ ਜੀਉਂਦਾ ਹੈ।

ਮਨੁਖ ਸਾਰਾ ਸਮਾਂ ਤੇ ਅਮੋਲਕ ਮਨੁੱਖਾ ਜਨਮ ਜੋ ਅਕਾਲ ਪੁਰਖ ਦੀ ਅਮਾਨਤ ਹੈ, ਵਿਅਰਥ ਕੰਮਾਂ ਵਲ ਨਸ਼ਟ ਕਰ ਰ੍ਹਿਹਾ ਹੈ। ਮਨੁਖ ਨੂੰ ਜ਼ਿੰਦਗੀ ਦੀ ਕੀਮਤ, ਕਦਰ ਅਤੇ ਅਸਲੀਅਤ ਦਾ ਅਹਿਸਾਸ ਤਕ ਨਹੀਂ ਹੋ ਰਿਹਾ। ਅਸੀਂ ਆਪਣੇ ਬਜ਼ੁਰਗਾਂ ਦੀ ਜ਼ਿੰਦਗੀ ਵੇਖ ਕੇ ਸਬਕ ਲੈ ਸਕਦੇ ਹਾਂ ਕਿ ਇਸ ਮਨੁਖਾ ਜਨਮ ਵਿਚ ਆਉਣ ਦਾ ਕੀ ਮਨੋਰਥ ਹੈ, ਕਿਵੇਂ ਆਵਾਗਵਨ ਦੇ ਚਕਰ ਤੋਂ ਮੁਕਤੀ ਪ੍ਰਾਪਤ ਕਰਨੀ ਹੈ, ਕਿਵੇਂ ਜੀਵਨ ਮੁਕਤ ਹੋਣਾ ਹੈ, ਕਿਸ ਤਰ੍ਹਾਂ ਸਚ ਦੀ ਕਮਾਈ ਕਰਨੀ ਹੈ, ਸਚਿਆਰਾ ਬਣਨਾ ਹੈ ਤੇ ਉਸ ਸਚੇ ਮਾਲਕ ਦੇ ਗੁਣਾਂ ਨੂੰ ਜਾਣਨਾ ਹੈ, ਉਸ ਨਾਲ ਮਿਲਾਪ ਕਰਨਾ ਹੈ।

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੀ ਪਵਿਤਰ ਬਾਣੀ ਸ੍ਰੀ ਸੁਖਮਨੀ ਸਾਹਿਬ ਦੀ ਚੌਦ੍ਹਵੀਂ ਅਸ਼ਟਪਦੀ ਵਿਚ ਸਪੱਸ਼ਟ ਤੌਰ ਤੇ ਕਿਹਾ ਹੈ ਕਿ ਉਸ ਅਕਾਲ ਪੁਰਖ ਉਤੇ, ਜੋ ਸਭਨਾਂ ਦਾ ਸਰਬ ਸਾਂਝਾ ਦਾਤਾਰ ਸਿਰਜਨਹਾਰ ਅਤੇ ਪ੍ਰਤਿਪਾਲਕ ਹੈ, ਪੂਰਾ ਵਿਸ਼ਵਾਸ ਅਤੇ ਭਰੋਸਾ ਕਰਨਾ ਚਾਹੀਦਾ ਹੈ। ਉਹ ਬੜਾ ਵਡਾ ਪ੍ਰਬੰਧਕਾਰ ਅਤੇ ਯੋਜਨਾਕਾਰ ਹੈ, ਉਸ ਨੂੰ ਆਪਣੀ ਸਿਰਜਨਾ ਦਾ ਪੂਰਾ ਪੂਰਾ ਖ਼ਿਆਲ ਹੈ। ਉਹ ਜੀਵ ਦੇ ਪੈਦਾ ਹੋਣ ਤੋਂ ਪਹਿਲਾਂ ਉਸ ਦੇ ਆਹਾਰ, ਅਤੇ ਪਾਣੀ, ਹਵਾ ਆਦਿ ਜ਼ਰੂਰੀ ਲੋੜਾਂ ਦਾ ਹਰ ਤਰ੍ਹਾਂ ਦਾ ਪ੍ਰਬੰਧ ਕਰਦਾ ਹੈ। ਮਨੁਖ ਅਭਿਮਾਨੀ ਹੈ, ਕਈ ਕਿਸਮ ਦੇ ਵਿਤਕਰੇ ਕਰਦਾ ਹੈ। ਅੰਦਰ ਦਵੈਤ, ਈਰਖਾ ਹੁੰਦੀ ਹੈ, ਪਰ ਜਦੋਂ ਉਸ ਦੇ ਪਾਪਾਂ, ਬੇਈਮਾਨੀਆਂ, ਲਾਲਚਾਂ ਦਾ ਪਾਜ ਖੁਲ੍ਹ ਜਾਂਦਾ ਹੈ,



www.AKJ.Org

ਅਹੁਦੇ, ਮਾਇਆ ਖੁਸ ਜਾਂਦੀ ਹੈ ਤਾਂ ਸਾਹਸ-ਹੀਨ ਹੋ ਕੇ ਪਛਤਾਪ ਕਰਦਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਵਡੇ ਵਡੇ ਹੰਕਾਰੀਆਂ, ਘਮੰਡੀਆਂ, ਜ਼ਾਲਮਾਂ, ਪਾਪੀਆਂ, ਸਮਾਜ ਦੇ ਵਿਖਾਵੇ ਦੇ ਠੇਕੇਦਾਰਾਂ, ਤੇ ਹਾਕਮਾਂ ਨੂੰ ਜ਼ਿੰਦਗੀ ਦੀ ਅਸਲੀਅਤ ਦਾ ਅਹਿਸਾਸ ਕਰਾਇਆ ਕਿ ਸੰਸਾਰ ਆਰਜ਼ੀ ਹੈ, ਇਸ ਵਿਚ ਖਚਿਤ ਨਹੀਂ ਹੋਣਾ, ਮਾਇਆ ਅਤੇ ਭੋਗ ਪਦਾਰਥਾਂ ਦੇ ਗੁਲਾਮ ਨਹੀਂ ਹੋਣਾ। ਸੰਸਾਰ ਵਿਚ ਰਹਿ ਕੇ ਉਸ ਸਚੇ ਮਾਲਕ ਦਾ ਸਿਮਰਨ ਬੰਦਗੀ ਕਰਦੇ ਹੋਏ ਸ਼ੁਕਰ ਕਰਨਾ ਹੈ। ਨੇਕ ਕਮਾਈ ਕਰਨੀ ਹੈ, ਸਾਦਾ ਜੀਵਨ ਜੀਊਣਾ ਹੈ, ਨਿਮਰਤਾ ਅਤੇ ਮਿਠਾਸ ਵਿਚ ਰਹਿਣਾ ਹੈ। ਅਕਾਲ ਪੁਰਖ ਦਾ ਆਸਰੇ ਪਰਨੇ ਰਹਿਣਾ ਹੈ। ਨਾਮ ਬੀਜ, ਸੰਤੋਖ ਸੁਹਾਗਾ ਤੇ ਗਰੀਬੀ ਵੇਸ ਰਖਣਾ ਹੈ। ਸਾਨੂੰ ਆਪਣਾ ਸਮਾਂ ਲੋਕਾਂ ਦੀਆਂ ਵਕਤੀ ਖ਼ੁਸ਼ੀਆਂ, ਸੋਗ, ਸੰਤਾਪ, ਤੇ ਜਨਮ ਮਰਨ ਦੇ ਸਮਾਗਮਾਂ ਸਮੇਂ ਨਸ਼ਟ ਨਹੀਂ ਕਰਨਾ ਚਾਹੀਦਾ, ਸਗੋਂ ਇਨ੍ਹਾਂ ਨੂੰ ਜੰਜਾਲ ਸਮਝ ਕੇ ਤਿਆਗ ਕਰਨਾ ਚਾਹੀਦਾ ਹੈ। ਜੀਵਨ-ਮੁਕਤ ਹੋਣ ਦੀ ਲੋੜ ਹੈ, ਅਤੇ ਉਸ ਸਦੀਵੀ ਅਕਾਲ ਪੁਰਖ ਨਾਲ ਪਕਾ ਸੰਬੰਧ ਜੋੜਨਾ ਹੈ। ਨਾਮ-ਸਿਮਰਨ ਨਾਲ ਹੀ ਜਮਕਾਲ ਦੀ ਫਾਸੀ ਕਟੀ ਜਾਂਦੀ ਹੈ। ਬਿਖੜਾ ਪੈਂਡਾ, ਹਰਿ ਦੇ ਨਾਮ ਦੇ ਸਾਥ ਨਾਲ ਸੁਹੇਲਾ ਹੋ ਜਾਂਦਾ ਹੈ।

ਏਕ ਊਪਰਿ ਜਿਸ ਜਨ ਕੀ ਆਸਾ।
ਤਿਸ ਕੀ ਕਟੀਐ ਜਮ ਕੀ ਫਾਸਾ।

ਸਾਡਾ ਫ਼ਰਜ਼ ਹੈ ਕਿ ਮਨੁਖਾਂ ਦਾ ਆਸਰਾ ਛਡ ਕੇ, ਮਾਇਆ ਦੇ ਲਾਲਚ, ਰੰਗ ਤਮਾਸ਼ੇ, ਸਿਨੇਮੇ, ਕਲੱਬਾਂ ਡਰਾਮੇ, ਰੈਸਟੋਰੈਂਟ, ਵਿਸਕੀਆਂ ਤੇ ਭੋਗ ਬਿਲਾਸ ਤਿਆਗ ਕੇ ਨਾਮ-ਰਸੀਆਂ ਗੁਰਸਿਖਾਂ ਦੀ ਸੰਗਤ ਕਰੀਏ ਅਤੇ ਦੁਖੀਆਂ ਦਰਦਵੰਦਾਂ ਦੇ ਦਰਦ ਵੰਡਾਈਏ। ਅਜਿਹੀ ਜੀਵਨ-ਜਾਚ ਨਾਮ ਸਿਮਰਨ ਤੇ ਸੇਵਾ ਨਾਲ ਹੀ ਆ ਸਕਦੀ ਹੈ।

---

# ਵਿਸ ਕਿ ਵਿਸਕੀ

[ਵਲੋਂ:—ਸ: ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ]

ਖੀਰ ਸਮੁੰਦਰ ਦੇ ਵਿਚ ਹੈਸੀ ਇਸ ਨੂੰ ਰੱਬ ਛਪਾਇਆ।
ਵਿਸ ਨਾਲੋਂ ਵਧ ਜ਼ਹਿਰ ਸਮਝ ਕੇ ਠੰਢਾ ਠਾਰ ਕਰਾਇਆ।
ਦੇਵਤਿਆਂ ਤੇ ਦੈਂਤਾਂ ਮਿਲ ਕੇ ਜੇਕਰ ਬਾਹਰ ਕਢਾਇਆ।
ਵੰਡਣ ਲਗੇ, ਲੜਨ ਲਗ ਪਏ ਪਹਿਲਾ ਸਗਨ ਮਨਾਇਆ।
ਵਿਸ ਸਮਝ ਕੇ ਦੇਵਤਿਆਂ ਨੇ, ਇਸਨੂੰ ਹੱਥ ਨਾ ਲਾਇਆ।
ਰਾਕਸ਼ ਪੀਂਦੇ ਛੁਪ ਛਪਾ ਕੇ, ਹੁਣ ਤੀਕਰ ਅਜ਼ਮਾਇਆ।
ਪਰ ਹੁਣ ਆਦਮ ਵਿਚ ਬਜ਼ਾਰਾਂ, ਥਾਂ ਥਾਂ ਬੋਰਡ ਲਗਾਇਆ।
ਠੰਡਾ ਬੀਅਰ ਠੰਢਾ ਬੀਅਰ ਆਖ ਆਖ ਵਡਿਆਇਆ।
ਵਿਸ ਦੀ ਥਾਵੇਂ ਵਿਸਕੀ ਕਹਿ ਕੇ, ਇਸ ਦਾ ਮਾਣ ਵਧਾਇਆ।
ਧਰਮ ਸ਼ਰਮ ਸਰਕਾਰ ਮਜ਼੍ਹਬ ਦਾ, ਸਾਰਾ ਖ਼ੌਫ਼ ਉਡਾਇਆ।
'ਕਿਰਤੀ' ਧਨੀ ਗਰੀਬ ਸਭਸ ਨੂੰ ਇਕਸੇ ਰਾਹ ਲੰਘਾਇਆ।



www.AKJ.Org

# ਜਿਸ ਮਰਨੇ ਤੇ ਜਗ ਡਰੇ

[ਵਲੋਂ :—ਸਾਰੰਗ ਜੀ, ਕਪੂਰਥਲਾ]

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥ ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥

ਉਪਰੋਕਤ ਗੁਰਵਾਕ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਹੈ। ਦਸਿਆ ਜਾਂਦਾ ਹੈ ਕਿ ਆਪ ਨੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਵਿਜੋਗ ਵਿਚ ਇਹ ਉਚਾਰਨ ਕੀਤਾ। ਉਹਨਾਂ ਦੇ ਵਰਸਾਏ ਸਿਖਾਂ ਅੰਦਰ ਅਜ ਭੀ ਇਹੋ ਜਿਹੀਆਂ ਮਸਾਲਾਂ ਮਿਲਦੀਆਂ ਹਨ।

ਭਾਈ ਸਾਹਿਬ ਬਾਵਾ ਸਿੰਘ ਜੀ ੨੧ ਅਪ੍ਰੈਲ ੭੬ ਨੂੰ ਚੜ੍ਹਾਈ ਕਰ ਗਏ, ਹਾਲਾਂ ਕਿ ਕੇਵਲ ਅਠ ਦਿਨ ਪਹਿਲਾਂ ਉਨ੍ਹਾਂ ਨੇ ਸ੍ਰੀ ਅਨੰਦਪੁਰ ਵਿਖੇ ਅੰਮ੍ਰਿਤ-ਸਿੰਚਾਰ ਵਿਚ ਪੰਚਾਂ ਦੀ ਸੇਵਾ ਵਿਚ ਹਿੱਸਾ ਲਿਆ ਸੀ। ਕੁਝ ਸਾਲ ਪਹਿਲਾਂ ਭਾਈ ਸਾਹਿਬ ਜੀ ਨੇ ਆਪਣੇ ਇਕ ਨਿਕਟੀ ਮਿਤਰ ਭਾਈ ਉਦੇ ਸਿੰਘ ਜੀ ਬਹਾਦਰਪੁਰ ਨਿਵਾਸੀ ਨਾਲ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਚੌਰਾਸੀ ਪਉੜੀਆਂ ਤੇ ਪਾਠ ਕੀਤੇ ਅਤੇ ਦੋਹਾਂ ਨੇ ਗੁਰੂ-ਚਰਨਾਂ ਵਿਚ ਬੇਨਤੀ ਕੀਤੀ ਕਿ "ਅਸੀਂ ਲੋਕ ਪਰਲੋਕ ਵਿਚ ਨਾ ਵਿਛੜੀਏ।" ਆਪਣੇ ਪਿਆਰਿਆਂ ਦੀ ਇਹ ਬੇਨਤੀ ਕਬੂਲ ਹੋਈ। ਪਰ ਸਾਨੂੰ ਪਤਾ ਉਸ ਸਮੇਂ ਲਗਾ ਜਦੋਂ ਭਾਈ ਬਾਵਾ ਸਿੰਘ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਸੁਣਦੇ ਸਾਰ ਹੀ ਭਾਈ ਉਦੇ ਸਿੰਘ ਜੀ ਆਪਣੇ ਸਾਕ ਸੰਬੰਧੀਆਂ ਨੂੰ ਚਿਤਾਵਨੀ ਦੇਣ ਲਗ ਗਏ ਕਿ ਹੁਣ ਸਾਡਾ ਭੀ ਕੋਈ ਪਤਾ ਨਹੀਂ। ਇਹ ਸਿੰਘ ਭਾਈ ਸੰਤਾ ਸਿੰਘ ਜੀ ਦੇ ਮਾਮਾ ਜੀ ਸਨ। ਉਨ੍ਹਾਂ ਭੀ ਬਥੇਰਾ ਵਰਜਿਆ ਕਿ ਇਸ ਤਰ੍ਹਾਂ ਨਹੀਂ ਆਖੀਦਾ, ਪਰ ਉਨ੍ਹਾਂ ਦਾ ਉਤਰ ਇਹੋ ਸੀ ਕਿ ਭਾਈ ਬਾਵਾ ਸਿੰਘ ਜੀ ਖਿੱਚ ਕਰਦੇ ਹਨ। ੨੨ ਅਪ੍ਰੈਲ ਤੋਂ ਹੀ ਬੋਲਣ ਚਾਲਣ ਘਟ ਕਰ ਦਿੱਤਾ, ਸਿਮਰਨ ਵਿਚ ਜੁਟ ਗਏ। ਆਏ ਗਏ ਸਾਕ ਸੰਬੰਧੀ ਨਾਲ ਮੋਹ ਤੋੜ ਜਿਹਾ ਲਿਆ। ਕਿਸੇ ਦੇ ਆਏ ਦੀ ਖ਼ੁਸ਼ੀ ਨਹੀਂ, ਗਏ ਦੀ ਗ਼ਮੀ ਨਹੀਂ। ਬਸ "ਅਠੇ ਪਹਰ ਇਕਤੈ ਲਿਵੈ ਮੰਨਨਿ ਹੁਕਮੁ ਅਪਾਰੁ" ਵਾਲੀ ਦਸ਼ਾ ਜਿਹੀ ਬਣ ਗਈ।

ਮੌਤ ਹਮੇਸ਼ਾ ਬਹਾਨਾ ਪਾ ਕੇ ਆਉਂਦੀ ਹੈ, ਤਾਂਕਿ ਸੰਸਾਰਕ ਬੁਧੀ ਸੰਤੁਸ਼ਟ ਰੱਖੀ ਜਾ ਸਕੇ। ੨੨ ਅਪ੍ਰੈਲ ਤੋਂ ੧ ਮਈ ੭੬ ਤਕ ਮੌਤ ਪਾਸ ਕੋਈ ਬਹਾਨਾ ਨਹੀਂ ਸੀ, ਪਰ ਜਾਣ ਵਾਲੇ ਦੂਲੇ ਸਿੰਘ ਸਮਾਂ ਨੇੜੇ ਜਾਣ ਕੇ ਅਭਿਆਸ ਵਿਚ ਜੁਟੇ ਰਹੇ। ਆਖ਼ਰ ਅਚਾਨਕ ੨ ਮਈ ੭੬ ਨੂੰ ਪਿਸ਼ਾਬ ਦੀ ਤਕਲੀਫ਼ ਹੋਈ। ਜਲੰਧਰ ਲਿਆਂਦਾ ਗਿਆ। ੬ ਮਈ ਨੂੰ ਡਾਕਟਰਾਂ ਨੇ ਜਵਾਬ ਦੇ ਦਿੱਤਾ। ਇਥੇ ਹਸਪਤਾਲ ਦੇ ਡਾਕਟਰਾਂ ਨੂੰ ਭੀ ਤਗੜਾ ਭੁਲੇਖਾ ਲੱਗਾ ਕਿ ਸ਼ਾਇਦ ਭਾਈ ਸਾਹਿਬ ਦਾ ਸਾਹ ਉਲਟ ਗਿਆ ਹੈ। ਵੀਰ ਸੰਤਾ ਸਿੰਘ ਨੂੰ ਭੀ ਦੋ ਦਿਨ ਸਾਹ ਉਲਟਣ ਦਾ ਭੁਲੇਖਾ ਹੀ ਰਿਹਾ। ਭਾਵੇਂ ਉਹ ਅਭਿਆਸੀ ਸਿੰਘ ਸਨ, ਪਰ ੮ ਮਈ ਦੀ ਸਵੇਰ, ਅੰਮ੍ਰਿਤ ਵੇਲੇ ਅਚਾਨਕ ਹੀ ਉਨ੍ਹਾਂ ਨੂੰ ਸ਼ੱਕ ਪਿਆ ਕਿ ਇਹ ਤਾਂ ਅਭਿਆਸ ਕਰਦੇ ਹਨ। ਉਨ੍ਹਾਂ ਨੇ ਨਾਲ ਰਲ ਕੇ ਹੋਰ ਤੇਜ਼ ਤੇਜ਼ ਅਭਿਆਸ ਕੀਤਾ। ਪਤਾ ਲੱਗਾ ਕਿ ਵਿਦਲਾ ਭੇਦ ਕੀ ਹੈ। ਭਾਵ ਅੰਤਮ ਸਮੇਂ ਮੋਹ ਦੀ "ਅਤਿ ਤੀਖਣ ਫਾਸ" ਨੂੰ ਕੱਟਣ ਲਈ ਉਹ ਦੂਲੇ ਵੀਰ ਆਪਣੇ ਵੱਲੋਂ ਪੂਰਾ ਜਤਨ ਕਰ ਰਹੇ ਸਨ। ੪ ਮਈ ਦੀ ਸ਼ਾਮ ਨੂੰ ਅਭਿਆਸ ਕਰਦੇ ਕਰਦੇ ਚੜ੍ਹਾਈ ਕਰ ਗਏ। ੨੨ ਅਪ੍ਰੈਲ ਤੋਂ ੮ ਮਈ ਤਕ ਉਹ ਬਹੁਤ ਹੀ ਘਟ ਬੋਲੇ, ਸਗੋਂ ਜੇ ਕੁਝ ਪੁਛੋ ਤਾਂ ਹਾਂ ਜਾਂ ਨਾਂਹ ਦੇ ਉੱਤਰ ਵਿਚ ਸਿਰ ਹਿਲਾ ਦੇਣਾ। ਬਸ ਇਸ ਤੋਂ ਵਧ ਹੋਰ ਕੁਝ ਨਹੀਂ ਕਹਿਣਾ। ਜੇ ਕੋਈ ਨੇੜੇ ਦੇ ਸਾਕ ਸਨਬੰਧੀ ਸਾਹਮਣੇ ਰੋਣ ਤਾਂ ਉਨ੍ਹਾਂ ਵੱਲ ਧਿਆਨ ਹੀ ਨਹੀਂ ਦੇਣਾ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਨ੍ਹਾਂ ਪਾਸ ਅਖੰਡ ਰੂਪ ਵਿੱਚ ਹੀ ਹੁੰਦੇ ਰਹੇ ਅਤੇ ਨਾਮ ਬਾਣੀ ਦੇ ਪਰਵਾਹ ਵਿੱਚ ਚੜ੍ਹਾਈਆਂ ਕਰ ਗਏ।

ਗੁਰਮੁਖਿ ਜਨਮ ਸਵਾਰ ਦਰਗਹ ਚਲਿਆ ॥
ਸਚੀ ਦਰਗਹ ਜਾਇ ਸਚਾ ਪਿੜ ਮਲਿਆ ॥

ਉਨ੍ਹਾਂ ਦੋਹਾਂ ਮਿਤਰਾਂ ਦੇ ਨਮਿਤ ਇਕ ਸਹਿਜ ਪਾਠ ਅਤੇ ਇਕ ਸੀ ਅਖੰਡ ਪਾਠ ਦਾ ਭੋਗ ਮਿਤੀ ੨੩-੫-੭੬ ਨੂੰ ਪਿੰਡ ਬਹਾਦਰ ਪੁਰ (ਨੇੜੇ ਰਈਆ) ਵਿਖੇ ਪਾਇਆ ਗਿਆ।

www.AKJ.Org

# ਪੁਸਤਕ "ਚਾਰ ਬਾਗ਼-ਇ ਪੰਜਾਬ" ਬਾਰੇ ਸੰਗਤਾਂ ਦਾ ਰੋਸ

ਉਪਰੋਕਤ ਪੁਸਤਕ ਫ਼ਾਰਸੀ ਬੋਲੀ ਵਿਚ ਸ੍ਰੀ ਗਣੇਸ਼ ਦਾਸ ਵਡੇਰਾ ਨੇ ਲਿਖੀ ਹੈ ਅਤੇ ੧੯੬੫ ਵਿਚ ਖ਼ਾਲਸਾ ਕਾਲਜ ਦੇ ਇਤਿਹਾਸ ਖੋਜ ਬੋਰਡ ਵਲੋਂ ਇਸ ਨੂੰ ਸੰਪਾਦਨ ਕਰ ਕੇ ਛਾਪਿਆ ਗਿਆ ਹੈ। ਇਸ ਪੁਸਤਕ ਵਿਚ ਜਿਥੇ ਗੁਰੂ ਸਾਹਿਬਾਨ ਅਤੇ ਸਿਖੀ ਰਹਿਤ ਬਹਿਤ ਨੂੰ ਬੜੇ ਚੰਗੇ ਢੰਗ ਨਾਲ ਨਿਰੂਪਣ ਕੀਤਾ ਹੋਇਆ ਹੈ ਉਥੇ ਕੁਝ ਥਾਈਂ ਗੁਰੂ ਸਾਹਿਬਾਨ ਬਾਰੇ ਐਸੀਆਂ ਅਪਮਾਨ ਭਰੀਆਂ ਇਤਰਾਜ਼ ਯੋਗ ਗੱਲਾਂ ਵੀ ਲਿਖੀਆਂ ਹੋਈਆਂ ਹਨ ਜਿਨ੍ਹਾਂ ਨੂੰ ਪੜ੍ਹ ਸੁਣ ਕੇ ਸਿਖ-ਹਿਰਦਾ ਤ੍ਰਪ ਉਠਦਾ ਹੈ। ਇਤਨੇ ਸਾਲਾਂ ਦੀ ਛਪੀ ਹੋਈ ਪੁਸਤਕ ਵਿਚ ਲਿਖੀਆਂ ਬੇਬੁਨਿਆਦ ਤੇ ਬੇਹੂਦਾ ਗੱਲਾਂ ਵਲੋਂ ਅਸੀਂ ਅਜ ਤਕ ਅਣਜਾਣ ਅਤੇ ਅਵੇਸਲੇ ਰਹੇ ਹਾਂ ਅਤੇ ਸਾਡੀ ਕਿਸੇ ਵੀ ਜ਼ਿਮੇਵਾਰ ਸੰਸਥਾ ਨੇ ਇਨ੍ਹਾਂ ਵਲ ਖ਼ਿਆਲ ਨਾ ਕੀਤਾ।

ਹੁਣ ਕੁਝ ਸਮੇਂ ਤੋਂ ਇਸ ਪੁਸਤਕ ਦੀਆਂ ਬੇਹੂਦਾ ਗੱਲਾਂ ਸਿਖ ਸੰਗਤਾਂ ਦੇ ਸਾਹਮਣੇ ਕੁਝ ਸ਼ਰਧਾਲੂ ਅਨਸਰ ਵਲੋਂ ਲਿਆਂਦੀਆਂ ਗਈਆਂ ਤਾਂ ਸਿਖ ਸੰਗਤਾਂ ਹਰਕਤ ਵਿਚ ਆ ਗਈਆਂ ਹਨ ਅਤੇ ਥਾਂ ਥਾਂ ਤੋਂ ਪੁਸਤਕ ਬਾਰੇ ਮਤੇ ਪਾਸ ਕਰ ਕੇ ਸਰਕਾਰ, ਅਖ਼ਬਾਰਾਂ ਅਤੇ ਸ਼੍ਰੋਮਣੀ ਕਮੇਟੀ ਆਦਿ ਨੂੰ ਭੇਜੇ ਜਾ ਰਹੇ ਹਨ।

ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੇ ਹੁਣੇ ਜਿਹੇ ਹੀ ਇਸ ਪੁਸਤਕ ਦੀ ਜ਼ਬਤੀ ਦਾ ਗੁਰਮਤਾ ਪਾਸ ਕਰ ਦਿਤਾ ਹੈ।

ਸਾਨੂੰ ਇਕ ਪ੍ਰੈਸ-ਨੋਟ ਗੁਰਦੁਆਰਾ ਕਲਗੀਧਰ ਸਿੰਘ ਸਭਾ ਲੁਧਿਆਣਾ ਦੇ ਪ੍ਰਧਾਨ ਵਲੋਂ ਪੁਜਿਆ ਹੈ ਜਿਸ ਵਿਚ ਉਨ੍ਹਾਂ ਨੇ ਦਸਿਆ ਹੈ ਕਿ—

"ਪੁਸਤਕ ਦੇ ਕਰਤਾ ਵਲੋਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਸ਼ਾਹੀ ਵਰਦੀ ਪਾ ਕੇ ਜਹਾਂਗੀਰ ਤੇ ਸ਼ਾਹ ਜਹਾਨ ਦੇ ਦਰਬਾਰ ਵਿਚ ਨੌਕਰੀ ਕਰਦੇ ਦਸਣਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਜੇਹਾਂ ਸਪੁਤਰਾਂ ਦੇ ਸ਼ਹੀਦ ਹੋਣ ਦਾ ਇਤਨਾ ਦੁਖ ਮਹਿਸੂਸ ਕਰਾਉਣਾ ਕਿ ਉਹ ਕੇਸ ਕਟਣੇ ਭੁਲ ਗਏ ਲਿਖ ਦੇਣਾ, ਅਤੇ ਸ੍ਰੀ ਦਸਮੇਸ਼ ਜੀ ਨੂੰ ਚੋਪਟ ਖੇਡਦੇ ਵਿਖਾ ਕੇ ਪਠਾਣ ਬੱਚੇ ਦੁਆਰਾ ਕਤਲ ਕਰਾਉਣ ਦਾ ਗਲਤ ਦ੍ਰਿਸ਼ ਪੇਸ਼ ਕਰਨਾ ਆਦਿ ਅਜਿਹੀਆਂ ਵਾਹੀਯਾਤ ਤੇ ਅਪਮਾਨ ਭਰੀਆਂ ਗੱਲਾਂ ਹਨ ਜਿਨ੍ਹਾਂ ਰਾਹੀਂ ਸਿਖ ਇਤਿਹਾਸ ਨੂੰ ਵਿਗਾੜਨ ਦੀ ਕੋਝੀ ਅਤੇ ਸ਼ਰਮਨਾਕ ਹਰਕਤ ਕੀਤੀ ਗਈ ਹੈ।"

ਇਨ੍ਹਾਂ ਤੋਂ ਇਲਾਵਾ ਹੋਰ ਵੀ ਸਿਖ ਇਤਿਹਾਸ ਦੀਆਂ ਕਈ ਘਟਨਾਵਾਂ ਬੜੀਆਂ ਵਿਗਾੜ ਕੇ ਇਸ ਪੁਸਤਕ ਵਿਚ ਦਰਜ ਕੀਤੀਆਂ ਗਈਆਂ ਹਨ, ਜੋ ਸਿਖੀ ਜਜ਼ਬਾਤ ਨੂੰ ਸਖ਼ਤ ਠੇਸ ਲਾਉਂਦੀਆਂ ਹਨ।

ਜਿਥੇ ਇਸ ਪੁਸਤਕ ਨੂੰ ਜ਼ਬਤ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਉਥੇ ਨਾਲ ਹੀ ਇਸੇ ਪੁਸਤਕ ਨੂੰ ਸੰਪਾਦਨ ਕਰਨ ਵਾਲੇ ਸਬੰਧਤ ਭੁਲੜ ਸਜਣਾਂ ਨੂੰ ਪ੍ਰਾਸਚਿਤ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਪੇਸ਼ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਅਸੀਂ ਸਿਖੀ ਬਾਰੇ ਛਪ ਰਹੇ ਸਹਿੱਤ ਵਲੋਂ ਬਹੁਤ ਹੀ ਅਵੇਸਲੇ ਹੋ ਰਹੇ ਹਾਂ ਅਤੇ ਨਿਤ ਹੀ ਕਿਤੇ ਨਾ ਕਿਤੇ ਵਖ ਵਖ ਰੂਪਾਂ ਵਿਚ, ਵਖ ਵਖ ਪੁਸਤਕਾਂ ਵਿਚ ਲਿਖੇ ਸਿਖੀ ਅਸੂਲਾਂ ਤੇ ਸਿਖੀ-ਆਚਰਨ ਨੂੰ ਦਾਗੀ ਕਰਨ ਵਾਲੀਆਂ ਗੱਲਾਂ ਸੁਣਦੇ ਰਹਿੰਦੇ ਹਾਂ। ਸਾਡੀਆਂ ਸਭ ਸੰਸਥਾਵਾਂ ਇਸ ਪੱਖੋਂ ਬਿਲਕੁਲ ਸੁੱਤੀਆਂ ਪਈਆਂ ਹਨ।

ਅਸੀਂ ਸ਼੍ਰੋਮਣੀ ਕਮੇਟੀ ਅਤੇ ਹੋਰ ਜ਼ਿਮੇਂਵਾਰ ਸਿਖ ਸੰਸਥਾਵਾਂ ਨੂੰ ਬਿਨੈ ਕਰਦੇ ਹਾਂ ਕਿ ਉਹ ਉਚੇਚੇ ਤੌਰ ਤੇ ਆਪਣੇ ਪਰਬੰਧ ਹੇਠ ਅਜਿਹੇ ਵਿਭਾਗ ਚਾਲੂ ਕਰਨ ਜਿਨ੍ਹਾਂ ਵਿਚ ਦੁਨੀਆ ਭਰ ਵਿਚ ਹਰੇਕ ਉਹ ਪੁਸਤਕ ਜਿਸ ਵਿਚ ਕਿ ਸਿਖ ਧਰਮ, ਸਿਖ ਇਤਿਹਾਸ ਜਾਂ ਗੁਰਬਾਣੀ ਬਾਰੇ ਕਿਸੇ ਰੂਪ ਵਿਚ ਕੁਝ ਲਿਖਿਆ ਹੋਵੇ, ਮੰਗਵਾ ਕੇ ਪੜ੍ਹੀਆਂ ਵਿਚਾਰੀਆਂ ਜਾਣ ਅਤੇ ਜੇ ਕੋਈ ਇਤਰਾਜ਼ ਯੋਗ ਹੋਵੇ ਤਾਂ ਉਸ ਦੀ ਸੋਧ ਪਰਬੰਧ ਲਈ ਫ਼ੌਰੀ ਕਾਰਵਾਈ ਕੀਤੀ ਜਾਵੇ।



www.AKJ.Org

# ਗੁਰੂ-ਡੰਮ

[ਵਲੋਂ:—ਭਾਈ ਸਾਹਿਬ ਜੋਗਿੰਦਰ ਸਿੰਘ ਜੀ, ਤਲਵਾੜਾ]

'ਅਜੀਤ' ਅਖ਼ਬਾਰ ਵਿਚ ਲੜੀ ਵਾਰ "ਇਹ ਦੰਭ ਕਦ ਤਕ ਰਹੇਗਾ" ਦੇ ਸਿਰਲੇਖ ਥਲੇ ਗੁਰੂ-ਡੰਮ ਦੀ ਪ੍ਰਚਲਤ ਰੂਪ-ਰੇਖਾ ਦੀ ਚਰਚਾ ਕਰਕੇ ਇਸ ਦੀ ਕਰੜੀ ਅਲੋਚਨਾ ਤੇ ਵਿਰੋਧਤਾ ਕੀਤੀ ਗਈ ਹੈ।

ਗੁਰੂ-ਡੰਮ ਦੇ ਵਰਤਮਾਨ ਕਈ ਰੂਪ ਹਨ। ਹੁਣ ਤਾਂ ਗੁਰੂਆ ਦੀ ਗਿਣਤੀ ਚੇਲਿਆਂ ਨਾਲੋਂ ਵਧਦੀ ਜਾ ਰਹੀ ਹੈ। ਇੱਟ ਪੱਟਿਆਂ ਗੁਰੂ ਨਿਕਲਦਾ ਹੈ। ਇਹ ਬਿਮਾਰੀ ਸਿਖ ਕੌਮ ਵਿਚ ਜ਼ਿਆਦਾ ਹੈ, ਕਿਉਂ ਜੁ ਜਿਸ ਰੂਪ (Sence) ਵਿਚ ਸਿਖ ਧਰਮ ਵਿਚ ਗੁਰੂ-ਪਦ ਵਰਤਿਆ ਜਾਂਦਾ ਹੈ ਉਹ ਆਮ 'ਗੁਰੂ' ਪਦ ਤੋਂ ਵਿਲੱਖਣ ਹੈ। ਸਾਧਾਰਨ ਬੋਲੀ ਵਿਚ ਕੋਈ ਮਨੁੱਖ ਕਿਸੇ ਪਾਸ ਕਿਸੇ ਕਿਸਮ ਦੀ ਵਿਦਿਆ ਜਾਂ ਗੁਣ ਪ੍ਰਾਪਤ ਕਰਦਾ ਹੈ ਤਾਂ ਸਿਖਿਆ ਦੇਣ ਵਾਲੇ ਨੂੰ 'ਗੁਰੂ' ਕਰਕੇ ਬੁਲਾਇਆ ਜਾਂਦਾ ਹੈ। ਪਰ ਸਿਖ ਧਰਮ ਵਿਚ 'ਗੁਰੂ' ਪਦ ਉਸ ਹਸਤੀ ਦਾ ਲਖਾਇਕ ਹੈ ਜੋ ਅੰਤਰ-ਆਤਮੇ ਵਾਹਿਗੁਰੂ ਨਾਲ ਅਭੇਦ ਹੈ ਅਤੇ ਜਗਿਆਸੂਆਂ ਨੂੰ ਨਾਮ ਰਾਹੀਂ ਵਾਹਿਗੁਰੂ ਵਿਚ ਅਭੇਦ ਕਰਨ ਦਾ ਪਰਉਪਕਾਰ ਕਰਦੀ ਹੈ। ਸਿਖੀ ਵਿਚ ਗੁਰੂ ਪਰੰਪਰਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪ੍ਰਾਰੰਭ ਹੋਈ। ਗੁਰੂ ਜੋਤਿ ਦਸ ਜਾਮਿਆਂ ਵਿਚ ਵਰਤਦੀ ਹੋਈ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸ਼ਬਦ ਰੂਪ ਵਿਚ ਅਸਥਿਤ ਹੈ ਅਤੇ ਜੁਗੋ ਜੁਗ ਇਸੇ ਤਰ੍ਹਾਂ ਅਟੱਲ ਰਹੇਗੀ।

ਸਿਖ ਧਰਮ ਵਿਚ ਸਿਖ ਸੰਗਤਾਂ ਦੇ 'ਗੁਰੂ' ਪ੍ਰਤੀ ਵਿਸ਼ੇਸ਼ ਸ਼ਰਧਾ ਸਤਿਕਾਰ ਆਦਿ ਨੂੰ ਵੇਖ ਕੇ ਇਸ ਦਾ ਅਯੋਗ ਲਾਭ ਉਠਾਉਣ ਲਈ, ਕਈ ਖ਼ੁਦਗਰਜ਼ ਤੇ ਮਾਣ-ਵਡਿਆਈ ਦੇ ਭੁੱਖੜ ਵਿਅਕਤੀਆਂ ਨੇ ਆਪਣੀ ਗੁਰਿਆਈ ਦਾ ਦੰਭ ਰਚਾਇਆ ਹੋਇਆ ਹੈ। ਨਿਰੰਕਾਰੀ, ਰਾਧਾ ਸੁਆਮੀਏ, ਨਾਮ ਧਾਰੀਏ, ਉਦਾਸੀ, ਅਨੰਦ ਪੁਰੀਏ, ਕਈ ਗੁਰੂ ਉਗਮੇ ਹੋਏ ਹਨ ਤੇ ਆਪੋ ਆਪਣੇ ਅੱਡੇ ਕਾਇਮ ਕਰਕੇ ਆਪਣੇ ਚਪਲ ਤੇ ਚਾਲਾਕ ਚੇਲੇ-ਚਾਟਿਆਂ ਦੁਆਰਾ ਅਣਭੋਲ ਜਗਿਆਸੂਆਂ ਨੂੰ ਗੁਮਰਾਹ ਕਰ ਰਹੇ ਹਨ। ਸਾਰੇ ਗੁਰੂ-ਡੰਮੀਏ ਸਿਖ ਸਗਤਾਂ ਨੂੰ ਭਰਮਾਉਣ ਲਈ ਚੋਗਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਦਾ ਹੀ ਖਿਲਾਰਦੇ ਹਨ, ਪਰ ਉਹ ਗੁਰਬਾਣੀ ਨੂੰ ਆਪਣੀ ਨਿਜੀ ਗੁਰਤਾ ਚਲਾਉਣ ਅਤੇ ਚਮਕਾਉਣ ਹਿਤ ਹਥ-ਠੋਕਾ ਕਰਕੇ ਹੀ ਵਰਤ ਰਹੇ ਹਨ। ਉਹਨਾਂ ਦੀ ਆਪਣੀ ਸ਼ਰਧਾ ਗੁਰਬਾਣੀ ਤੇ ਕੋਈ ਨਹੀਂ ਹੈ।

ਇਹ ਗੱਲ ਤਾਂ ਹੈ ਉਹਨਾਂ ਦੀ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਵਿਰੁਧ ਖੁਲ੍ਹਮ-ਖੁਲ੍ਹਾ ਨਿਝੱਕ ਹੋ ਕੇ ਬਗਾਵਤ ਦਾ ਝੰਡਾ ਬੁਲੰਦ ਕੀਤਾ ਹੋਇਆ ਹੈ, ਪਰ ਕੁਝ ਅਜਿਹੇ ਚਲਾਕ ਵਿਅਕਤੀ ਵੀ ਹਨ ਜਿਨ੍ਹਾਂ ਨੇ ਖੁਲ੍ਹਮ-ਖੁਲ੍ਹਾ ਆਪਣੀ ਗੁਰਤਾ ਕਾਇਮ ਕਰਨ ਦੀ ਜੁਰਅਤ ਤਾਂ ਭਾਵੇਂ ਨਹੀਂ ਕੀਤੀ ਪਰ ਉਹਨਾਂ ਦੇ ਨਿਜੀ ਕਰਤਵ ਦੇ ਚੇਲਿਆਂ-ਚਾਟਿਆਂ ਦੁਆਰਾ ਤਣਿਆ ਤਾਣਾ-ਬਾਣਾ ਗੁਰੂ-ਡੰਮ ਤੋਂ ਘਟ ਨਹੀਂ ਕਿਹਾ ਜਾ ਸਕਦਾ। ਸੰਗਤਾਂ ਦੇ ਪੈਸਿਆਂ ਨਾਲ ਉਹਨਾਂ ਨੇ ਨਿਜੀ ਡੇਰੇ ਬਣਾਏ ਹੋਏ ਹਨ। ਨਿਜੀ ਸ਼ਖ਼ਸੀਅਤ ਦਾ ਝੂਠਾ ਪ੍ਰਾਪੇਗੰਡਾ ਕਰਨ ਲਈ ਉਹਨਾਂ ਨੇ ਮੱਕਾਰ ਪਖੰਡੀ ਚੇਲਿਆਂ ਦਾ ਤਾਣਾ ਤਣ ਰਖਿਆ ਹੈ ਜੋ ਮਾਇਆਵੀ ਲਾਲਚ ਅਧੀਨ ਉਹਨਾਂ ਨੂੰ ਆਪ ਮੱਥਾ ਟੇਕਦੇ ਤੇ ਹੋਰਨਾ ਤੋਂ ਟਿਕਾਉਂਦੇ ਹਨ। ਕਈਆਂ ਨੇ ਗੁਰਦਵਾਰਿਆਂ ਵਿਚ ਵੀ ਆਪਣੀਆਂ ਨਿਜੀ ਫੋਟੋਆਂ ਲਾਈਆਂ ਹੋਈਆਂ ਹਨ। ਕੁਰਸੀਆਂ ਲਾ ਕੇ ਨਿਰਲੱਜ ਹੋ ਕੇ ਆਪਣੇ ਆਪ ਨੂੰ ਮਥੇ ਟਿਕਾਉਂਦੇ ਹਨ। ਕਈ ਤਾਂ ਕਲਮਕਲੇ ਹੀ ਸ਼ਰਧਾਲੂਆਂ ਨੂੰ ਨਾਮ ਦੇਣ ਦੀ ਹਮਾਕਤ ਵੀ ਕਰਦੇ ਹਨ।

ਜੋ ਵਿਅਕਤੀ ਨਾਮ ਜਪਦਾ ਹੈ ਤੇ ਹੋਰਨਾਂ ਨੂੰ ਨਾਮ ਜਪਣ ਦੀ ਪ੍ਰੇਰਨਾ ਦਿੰਦਾ ਹੈ ਉਸਦਾ ਸਤਿਕਾਰ ਕੀਤੇ ਜਾਣਾ ਹਰ ਪਖੋਂ ਯੋਗ ਹੈ। ਗੁਰਬਾਣੀ ਵਿਚ ਅਜਿਹੇ ਵਿਅਕਤੀਆਂ ਦੇ ਸਤਿਕਾਰ ਕੀਤੇ ਜਾਣ ਦਾ ਵਿਧਾਨ ਹੈ। ਪਰ ਇਹ ਸਤਿਕਾਰ ਕਿਸੇ ਹਦ ਤਕ


www.AKJ.Org

ਹੀ ਜਾਇਜ਼ ਹੈ। ਸਿਖ ਧਰਮ ਵਿਚ ਆਪਣੇ ਗੁਰਭਾਈਆਂ, ਸਨੇਹੀਆਂ ਅਤੇ ਪ੍ਰਤਿਸ਼ਠ ਸਜਣਾਂ ਦੇ ਸਤਿਕਾਰ ਦਾ ਢੰਗ ਹੈ ਦੋ ਹਥ ਜੋੜ ਕੇ ਸਿਰ ਨਿਵਾ ਕੇ ਉਹਨਾਂ ਨੂੰ ਫਤਿਹ ਗਜਾਈ ਜਾਵੇ। ਗੋਡਿਆਂ ਪਰਨੇ ਹੋ ਕੇ ਹੱਥ ਜੋੜ ਕੇ ਮੂਹਰੇ ਧਰਤੀ ਤੇ ਸਿਰ ਧਰ ਕੇ ਮੱਥਾ ਟੇਕਣਾ ਇਹ ਪ੍ਰਥਾ ਗੁਰੂ ਲਈ ਹੀ ਨਿਸਚਿਤ ਹੈ। ਕਿਸੇ ਹੋਰ ਵਿਅਕਤੀ ਅਗੇ ਇਸ ਤਰ੍ਹਾਂ ਮਥਾ ਟੇਕਣਾ ਕੁਫ਼ਰ ਹੈ ਅਤੇ ਟਿਕਾਉਣਾ ਮਹਾਂ-ਕੁਫ਼ਰ। ਕਿਸੇ ਸਾਧੜੇ ਦਾ ਆਪਣੇ ਡੇਰੇ ਵਿਚ ਵਖਰਾ ਅਕਾਲ ਤਖ਼ਤ ਰਚ ਲੈਣਾ ਪੰਥ ਵਿਰੁਧ ਬਗ਼ਾਵਤ ਕਰਨ ਤੁਲ ਹੈ। ਪਤਾ ਨਹੀਂ ਤਖ਼ਤ ਸਾਹਿਬ ਦੇ ਜਥੇਦਾਰ ਏਧਰ ਕਿਉਂ ਧਿਆਨ ਨਹੀਂ ਦੇ ਰਹੇ ?

ਕੁਝ ਕੁ ਜਗਿਆਸੂਆਂ ਨੂੰ ਬਾਣ ਹੁੰਦੀ ਹੈ ਕਿ ਉਹ ਆਪ ਕਮਾਈ ਕਰਨ ਤੋਂ ਕਤਰਾਉਂਦੇ ਹਨ ਤੇ ਸਾਧਾਂ ਸੰਤਾਂ ਦੀ ਵਾਧੂ ਚਾਪਲੂਸੀ ਕਰਦੇ ਰਹਿੰਦੇ ਹਨ। ਜਿਨ੍ਹਾਂ ਸੰਤਾਂ ਨਾਲ ਉਹਨਾਂ ਦਾ ਸੰਬੰਧ ਹੁੰਦਾ ਹੈ ਉਹਨਾਂ ਨਾਲ ਪੂਰਨ ਬ੍ਰਹਮ ਗਿਆਨੀ, ਸ੍ਰੀ ੧੦੮, ਪਾਰਬ੍ਰਹਮ ਸਰੂਪ ਆਦਿ ਵਾਧੂ ਲਕਬ ਲਾਈ ਜਾਂਦੇ ਹਨ। ਪੁਰਾਣੇ ਗੁਰਸਿਖਾਂ ਦੇ ਸ਼ੁਭ ਨਾਮਾਂ ਨਾਲ ਪੰਥ ਨੇ ਭਾਈ ਲਕਬ ਲਾ ਕੇ ਉਹਨਾਂ ਨੂੰ ਸਤਿਕਾਰਿਆ ਤੇ ਉਹ ਆਪ ਵੀ ਭਾਈ ਅਖਵਾ ਕੇ ਪ੍ਰਸੰਨ ਹੁੰਦੇ ਸਨ, ਭਾਈ ਗੁਰਦਾਸ ਜੀ, ਭਾ: ਮਨੀ ਸਿੰਘ ਜੀ ਆਦਿ। ਪਤਾ ਨਹੀਂ ਬ੍ਰਹਮ ਗਿਆਨੀਆਂ ਦੇ ਬ੍ਰਗੇਡਾਂ ਦੇ ਬ੍ਰਗੇਡ ਹੁਣ ਹੀ ਗੋਲ ਪਗਾਂ ਵਾਲੇ ਸੰਤਾਂ ਦੇ ਰੂਪ ਵਿਚ ਕਿਥੋਂ ਉਤਰ ਆਏ ਹਨ। ਆਪਣੀ ਖ਼ੁਸ਼ਾਮਦ ਦਾ ਕੁਚਸਕਾ ਤਾਂ ਥੋੜੀ ਮਾਤ੍ਰਾ ਦੇ ਫ਼ਰਕ ਨਾਲ ਹਰੇਕ ਮਨੁੱਖ ਅੰਦਰ ਹੁੰਦਾ ਹੈ। ਦੋਹਾਂ ਧਿਰਾਂ ਬਾਰੇ ਗੁਰਬਾਣੀ ਦਾ ਫ਼ਤਵਾ ਹੈ :—

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥
ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ ॥
[ਪੰਨਾ ੧੨੮੬

ਇਹ ਬਿਮਾਰੀ ਜਦੋਂ ਪਹਿਲਾਂ ਪਹਿਲ ਸਿਖ ਧਰਮ ਵਿਚ ਪਈ ਤਾਂ ਇਸ ਨਾਲ ਕਰੜੇ ਹਥੀਂ ਨਿਪਟਿਆ ਨਹੀਂ ਗਿਆ, ਜਿਸ ਦੇ ਫਲ ਸਰੂਪ ਸਿੱਖੀ ਨੂੰ ਅੰਦਰੋਂ ਬਾਹਰੋਂ ਢਾਹ ਲਗੀ ਹੋਈ ਹੈ। ਬੜੀ ਚਿੰਤਾ ਜਨਕ ਸਥਿਤੀ ਹੈ। ਪਰ ਇਸ ਤੋਂ ਕਿਤੇ ਵਧ ਚਿੰਤਾ-ਜਨਕ ਇਹ ਗੱਲ ਹੈ ਕਿ ਡਾਕੂ ਲੁੱਟ ਮਾਰ ਕਰ ਰਹੇ ਹਨ ਅਤੇ ਘਰ ਦਾ ਮਾਲਕ ਘੂਕ ਸੁੱਤਾ ਹੋਇਆ ਹੈ। ਸ਼ੇਰ ਗ਼ਫਲਤ ਦੀ ਨੀਂਦ ਵਿਚ ਸੁਤਾ ਪਿਆ ਹੈ ਤੇ ਉਸਦੇ ਸ੍ਰੀਰ ਉਤੇ ਚੂਹੇ ਟਪੋਸੀਆਂ ਮਾਰ ਰਹੇ ਹਨ। ਸੋ ਲੋੜ ਹੈ ਕਿ ਹਰੇਕ ਗੁਰਸਿਖ ਆਪਣੀ ਜ਼ਿਮੇਵਾਰੀ ਮਹਿਸੂਸ ਕਰੇ ਤੇ ਸਿਖ ਸਮਾਜ ਵਿਚ ਗੁਰੂ ਡੰਮ ਦੀ ਬਦਬੋ ਜਿਥੋਂ ਵੀ ਆਉਂਦੀ ਹੈ ਉਹਨੂੰ ਸੋਧਣ ਪ੍ਰਬੋਧਣ ਦਾ ਜਤਨ ਕਰਦਾ ਰਵੇ।

## ਗੁਰਦਾਸਪੁਰ ਦੇ ਪਿੰਡਾਂ ਵਿਚ ਅਖੰਡ ਕੀਰਤਨ ਪ੍ਰੋਗਰਾਮ

ਭਾਈ ਫ਼ੌਜਾ ਸਿੰਘ ਜੀ ਖ਼ਾਲਸਾ ਫ਼ਾਰਮ, P.O. ਭਰਿਆਲ੍ਹ (ਗੁਰਦਾਸਪੁਰ ਇਤਲਾਹ ਦਿੰਦੇ ਹਨ ਕਿ ੨੫ ਜੂਨ ਤੋਂ ੨ ਜੁਲਾਈ ਤਕ ਤਰਤੀਬਵਾਰ ਪਿੰਡ ਗ਼ਜ਼ਨੀਪੁਰ, ਬਹਿਰਾਮਪੁਰ, ਡਾਲੀਆ ਮਿਰਜ਼ਾਨਪੁਰ, ਗਾਲੜੀ, ਗੰਜੀ, ਦੁਰਾਂਗਲਾ, ਟਾਂਡਾ (ਦਰਿਆ ਦੇ ਲਾਗੇ), ਚੇਬੇ (ਦਰਿਆਓਂ ਪਾਰ) ਅਤੇ ਡੇਰਾ ਖ਼ਾਲਸਾ ਫ਼ਾਰਮ (ਦਰਿਆਓਂ ਪਾਰ) ਵਿਚ ਸ਼ਾਮ ਨੂੰ ਸੋਦਰ ਤੋਂ ਉਪਰੰਤ ਰਾਤ ਦੇ ੧੨ ਵਜੇ ਤਕ ਅਖੰਡ ਕੀਰਤਨ ਹੋਣਗੇ।

ਮਿਤੀ ੩ ਜੁਲਾਈ ਨੂੰ ਪਿੰਡ ਮਮੀ ਚਕਰੰਗਾ ਵਿਖੇ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਹੋਵੇਗਾ। ਅੰਮ੍ਰਿਤਸਰ ੨-ਅਜੀਤ ਨਗਰ ਤੋਂ ੩ ਜੁਲਾਈ ਨੂੰ ਟਰੱਕ ਚਲੇਗਾ ਅਤੇ ਗੁਰਦਾਸਪੁਰ ਪੁਰਾਣੇ ਅਡੇ ਤੋਂ ਸੰਗਤਾਂ ਨੂੰ ਨਾਲ ਲੈ ਕੇ ਮਮੀ ਚਕਰੰਗਾ ਪੁਜੇਗਾ।

## ਫਗਵਾੜਾ ਵਿਖੇ ਕੀਰਤਨ ਰੈਣ-ਸਬਾਈ

੧੨ ਜੂਨ ਸ਼ਨੀਵਾਰ ਦੀ ਰਾਤ ਨੂੰ ਗੁਰਦਵਾਰਾ ਅਕਾਲੀਆਂ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ।



www.AKJ.Org

# ਵੇਦੀਨਾਂ ਕੀ ਦੋਸਤੀ ਵੇਦੀਨਾਂ ਕਾ ਖਾਣੁ

[ਵਲੋਂ:—ਸ: ਬਲਦੇਵ ਸਿੰਘ ਜੀ. ਅੰਮ੍ਰਿਤਸਰ]

ਸੰਪਾਦਕੀ ਨੋਟ :—

ਜਗਤ ਦਾ ਕਰਤਾ ਰਸਾਲੂ ਹੈ। ਸੰਸਾਰ ਦੇ ਸਾਰੇ ਰਸ ਇਸ ਲਈ ਮਿਠੇ ਤੇ ਦਿਲ-ਖਿੱਚਵੇਂ ਹਨ ਕਿ ਉਹਨਾਂ ਵਿਚ ਰਸਾਲੂ ਦੀ ਸਤਿਆ ਕੰਮ ਕਰ ਰਹੀ ਹੈ।

ਸੰਸਾਰ ਦਾ ਹਰੇਕ ਮਨੁੱਖ ਕੁਦਰਤੀ ਤੌਰ ਤੇ ਰਸੀਆ ਹੈ। ਮਨੁੱਖੀ ਸ੍ਰੀਰ ਵਿਚ ਰਾਗ, ਰਸ, ਰੂਪ, ਗੰਧ, ਸਪਰਸ਼, ਇਹ ਪੰਜ ਰਸ ਹਨ ਤੇ ਕੁਦਰਤ ਵਲੋਂ ਮਿਲੇ ਹੋਏ ਹਨ। ਇਹਨਾਂ ਦੀ ਯੋਗ ਤੇ ਸੀਮਤ ਵਰਤੋਂ ਹੀ ਉਚਿਤ ਹੈ। ਇਹਨਾਂ ਰਸਾਂ ਦਾ ਸੁਆਦ ਛਿਨ ਭੰਗਰੀ ਹੈ, ਸਦੀਵੀ ਨਹੀਂ। ਇਹ ਰਸ ਭੋਗਣ ਮਗਰੋਂ ਵੀ ਇਨ੍ਹਾਂ ਦੀ ਭੁੱਖ ਮਿਟਦੀ ਨਹੀਂ, ਸਗੋਂ ਹੋਰ ਭੜਕਦੀ ਹੈ। ਪਰ ਇਹਨਾਂ ਰਸਾਂ ਦੇ ਚਸਕਿਆਂ ਵਿਚ ਪ੍ਰਵਿਰਤ ਹੋਇਆ ਮਨੁੱਖ ਭੋਗੀ ਹੋ ਜਾਂਦਾ ਹੈ ਤੇ ਭੋਗਾਂ ਤੋਂ ਰੋਗ ਉਤਪੰਨ ਹੋਣਾ ਇਕ ਅਟੱਲ ਸਚਾਈ ਹੈ। ਇਸ ਲਈ ਇਹਨਾਂ ਨੂੰ ਕੁ-ਰਸ ਕਿਹਾ ਜਾਂਦਾ ਹੈ।

ਇਹਨਾਂ ਰਸਾਂ ਤੋਂ ਛੁਟ ਇਕ ਹੋਰ ਰਸ ਮਨੁਖੀ ਸ੍ਰੀਰ ਵਿਚ ਹੈ, ਜੋ ਨਾਮ-ਰਸ ਹੈ। ਇਹ ਸਦੀਵੀ ਰਸ ਹੈ ਤੇ ਇਹ ਰਸ ਪ੍ਰਾਪਤ ਹੋਣ ਮਗਰੋਂ ਬਾਕੀ ਰਸਾਂ ਦੀ ਭੁਖ ਮਿਟ ਜਾਂਦੀ ਹੈ। ਨਾਮ-ਰਸ ਨੂੰ ਚੱਖ ਕੇ ਮਨੁਖ ਦਾ ਮਨ ਅਨੰਦ ਨਾਲ ਖੀਵਾ ਹੋ ਜਾਂਦਾ ਹੈ ਤੇ ਰਸ ਪੀ ਪੀ ਕੇ ਰਜਦਾ ਹੀ ਨਹੀਂ। ਇਹ ਰਸ ਸਦਾ ਸੁਖਦਾਈ ਹੈ ਤੇ ਇਸ ਰਸ ਦੇ ਸੇਵਨ ਨਾਲ ਮਨੁਖ ਦੇ ਅੰਦਰੋਂ ਹੋਛੇ ਰਸਾਂ ਦੀ ਜ਼ਹਿਰ ਨਾਸ ਹੋ ਜਾਂਦੀ ਹੈ ਤੇ ਤਨ ਮਨ ਤ੍ਰਿਪਤ ਤੇ ਅਰੋਗ ਹੋ ਜਾਂਦੇ ਹਨ।

ਇਹਨਾਂ ਰਸਾਂ ਵਿਚੋਂ ਜਿਹੜੇ ਰਸ ਬਾਰੇ ਇਸ ਲੇਖ ਰਾਹੀਂ ਪਾਠਕਾਂ ਨਾਲ ਸਾਂਝ ਕੀਤੀ ਜਾ ਰਹੀ ਹੈ ਉਹ ਹੈ ਜੀਭ ਦਾ ਰਸ। ਬਾਕੀ ਰਸਾਂ ਕਸਾਂ ਵਾਂਗ ਇਹ ਵੀ ਇਕ ਪ੍ਰਬਲ ਰਸ ਹੈ। ਰਸ ਖਾ ਖਾ ਕੇ ਮਨੁਖ ਦਾ ਮੂੰਹ ਘਸ ਜਾਂਦਾ ਹੈ, ਦੰਦ ਮਸੂੜੇ ਢਿਲੇ ਪੈ ਜਾਂਦੇ ਹਨ, ਦੰਦ ਉਖੜ ਜਾਂਦੇ ਹਨ ਜਾਂ ਹਿਲਣ ਤੇ ਦਰਦ ਕਰਨ ਲਗ ਜਾਂਦੇ ਹਨ। ਉਸਦੀਆਂ ਅੰਤੜੀਆਂ ਵਿਚ ਚਸਕਿਆਂ ਅਧੀਨ ਲੋੜ ਤੋਂ ਵਧੀਕ ਖਾਧਾ ਅੰਨ ਗਲ ਸੜ ਕੇ ਗੈਸ ਬਣਨ ਲਗ ਪੈਂਦੀ ਹੈ, ਜੋ ਚਸਕਾਲੂ ਮਨੁਖ ਨੂੰ ਹਰ ਵੇਲੇ ਦੁਖੀ ਕਰਦੀ ਰਹਿੰਦੀ ਹੈ। ਬਚਪਨ ਤੋਂ ਲੈ ਕੇ ਬੁਢੇਪੇ ਤਕ ਮਨੁਖ ਦੀ ਰਸ ਖਾਣ ਦੀ ਤ੍ਰਿਸ਼ਨਾ ਨਹੀਂ ਬੁਝਦੀ।

ਘਰ ਵਿਚੋਂ ਸਵੱਛ ਪਕਵਾਨ ਪ੍ਰਾਪਤ ਕਰ ਕੇ ਚਸਕਾਲੂ ਮਨੁਖ ਦੀ ਤ੍ਰਿਪਤੀ ਨਹੀਂ ਹੁੰਦੀ ਤਾਂ ਬਜ਼ਾਰਾਂ ਵਿਚ ਹੋਟਲਾਂ ਅਤੇ ਹਲਵਾਈਆਂ ਦੀਆਂ ਹਟੀਆਂ ਤੇ ਜਾਂਦਾ ਹੈ। ਓਥੇ ਉਸਦੀ ਚਸਕਾਲੂ ਤੋਤਕੜੀ ਤਾਂ ਭਾਵੇਂ ਪ੍ਰਸੰਨ ਹੋ ਜਾਂਦੀ ਹੈ, ਪਰ ਉਸ ਦਾ ਖ਼ਮਿਆਜ਼ਾ ਸਮੁੱਚੇ ਸ੍ਰੀਰ ਅਤੇ ਮਨ ਨੂੰ ਭੁਗਤਣਾ ਪੈਂਦਾ ਹੈ। ਬਜ਼ਾਰਾਂ ਦਾ ਖਾਣਾ ਹਾਨੀਕਾਰਕ ਹੈ, ਇਸ ਬਾਰੇ ਕੋਈ ਇਨਕਾਰ ਨਹੀਂ ਕਰ ਸਕਦਾ, ਕਿਉਂਕਿ ?

(ੳ) ਘਰਾਂ ਵਿਚ ਖਾਣ ਵਾਲੀਆਂ ਵਸਤੂਆਂ ਛੰਡ ਛਟ ਕੇ ਸਾਫ਼ ਸੁਥਰੀਆਂ ਕਰ ਕੇ ਤਿਆਰ ਕੀਤੀਆਂ ਜਾਂਦੀਆਂ ਹਨ, ਪਰ ਬਜ਼ਾਰਾਂ ਵਿਚ ਬਿਲਕੁਲ ਨਹੀਂ।

(ਅ) ਘਰਾਂ ਵਿਚ ਸਫ਼ਾਈ ਤੇ ਸੁੱਚ ਦਾ ਪੂਰਾ ਧਿਆਨ ਰਖਿਆ ਜਾਂਦਾ ਹੈ। ਬਜ਼ਾਰਾਂ ਵਿਚ ਬਾਹਰਲੀ ਚਮਕ ਦਮਕ ਤਾਂ ਭਾਵੇਂ ਹੋਵੇ, ਪਰ ਵਸਤੂਆਂ ਤਿਆਰ ਕਰਨ ਲਗਿਆਂ ਸਹੀ ਅਰਥਾਂ ਵਿਚ ਸਫ਼ਾਈ ਤੇ ਸੁੱਚ ਦਾ ਉਕਾ ਧਿਆਨ ਨਹੀਂ ਰਖਿਆ ਜਾਂਦਾ। ਲੇਖਕ ਦਾ ਵਿਚਾਰ ਹੈ ਕਿ ਗਰਮੀਆਂ ਦੀ ਰੁਤੇ ਜੇ ਕੋਈ ਡਬਲ ਰੋਟੀਆਂ, ਲੱਡੂ ਆਦਿ ਤਿਆਰ ਹੁੰਦੇ ਅਖੀਂ ਵੇਖ ਲਏ ਤਾਂ ਉਹ ਬਾਜ਼ਾਰ ਵਿਚੋਂ ਚੀਜ਼ਾਂ ਖਾਣੀਆਂ ਬੰਦ ਕਰ ਦੇਵੇਗਾ। ਜੂਠੀਆਂ ਪਲੇਟਾਂ ਐਵੇਂ ਲੂਣੀ ਸਰਫ਼ ਦੇ ਪਾਣੀ ਵਿਚੋਂ ਹੰਗਾਲ ਕੇ ਮੈਲੇ ਕੁਚੈਲੇ ਕਪੜਿਆਂ ਨਾਲ ਪੂੰਝ ਪਾਂਝ ਕੇ ਅਗੇ ਰਖ ਦਿਤੀਆਂ ਜਾਂਦੀਆਂ ਹਨ। ਤਿਆਰ ਕਰਨ ਵਾਲਿਆਂ ਦਾ ਵਿਚੇ ਪਸੀਨਾ ਚੋਂਦਾ ਜਾਂਦਾ ਹੈ। ਫਿਰ ਨਾਲ ਹੀ ਫਕੇ ਮਾਰੀ ਜਾਂਦੇ ਹਨ, ਜਿਨ੍ਹਾਂ ਵਿਚੋਂ ਅਧੀ ਵਸਤੂ ਮੂੰਹ ਵਿਚ



www.AKJ.Org

ਜਾਂਦੀ ਹੈ ਅਧੀ ਫਿਰ ਕੜਾਹੀ ਵਿਚ । ਕਈ ਤਾਂ ਸਿਗਰਟਾਂ ਬੀੜੀਆਂ ਆਦਿ ਵੀ ਨਾਲ ਪੀਈ ਜਾਂਦੇ ਹਨ ।

(ੲ) ਤਿਆਰ ਕਰਨ ਵਾਲੇ ਮੁੰਡੂ ਹਰ ਪਖੋਂ ਗਲੀਜ਼ ਹੁੰਦੇ ਹਨ । ਬਹੁਤਿਆਂ ਦੇ ਚਲਨ ਵੀ ਖ਼ਰਾਬ ਹੁੰਦੇ ਹਨ । ਉਹਨਾਂ ਦਾ ਤਿਆਰ ਕੀਤਾ ਭੋਜਨ ਪਕਵਾਨ ਆਦਿ ਖਾ ਕੇ ਮਨ ਵਿਚ ਵਿਕਾਰਾਂ ਦਾ ਉਤਪੰਨ ਹੋਣਾ ਕੁਦਰਤੀ ਗੱਲ ਹੈ । ਇਸ ਪ੍ਰਥਾਇ ਗੁਰ-ਫ਼ੁਰਮਾਨ ਹੈ—

ਵੇਦੀਨਾਂ ਕੀ ਦੋਸਤੀ ਵੇਦੀਨਾਂ ਕਾ ਖਾਣੁ ॥ ਸਿਫਤੀ ਸਾਰ ਨਾ ਜਾਣਨੀ ਸਦਾ ਵਸੈ ਸੈਤਾਨੁ ॥

[ਪੰਨਾ ੭੯੦

ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਵਿਅਕਤੀਆਂ ਨਾਲ ਖਾਣ ਪਾਣ ਦੀ ਸਾਂਝ ਦਾ ਹੁਕਮ ਹੈ । ਇਸ ਦੇ ਉਲਟ ਆਚਰਨਹੀਣ ਪੁਰਸ਼ਾਂ ਹਥੀਂ ਤਿਆਰ ਕੀਤੀਆਂ ਵਸਤੂਆਂ ਖਾ ਕੇ ਵਿਕਾਰਾਂ ਨੂੰ ਹਾਕਾਂ ਮਾਰਨ ਵਾਲੀ ਗਲ ਹੈ, ਗੰਦੇ ਪਦਾਰਥ ਖਾ ਕੇ ਸ੍ਰੀਰ ਨੂੰ ਜੋ ਹਾਨੀ ਹੋਣੀ ਹੈ ਉਹ ਵਖਰੀ ਗੱਲ ਹੈ ।

ਅੰਮ੍ਰਿਤ ਪਾਨ ਕਰਨ ਮਗਰੋਂ ਮਨੁੱਖ ਦੀਆਂ ਜ਼ਿਮੇਵਾਰੀਆਂ ਵਧ ਜਾਂਦੀਆਂ ਹਨ ਅਤੇ ਉਸ ਪਾਸੋਂ ਕਿਸੇ ਵਿਸ਼ੇਸ਼ ਰਹਿਣ ਸਹਿਣ, ਖਾਣ ਪਾਣ, ਪਹਿਰਾਣ ਤੇ ਵਰਤੋਂ ਵਿਹਾਰ ਦੀ ਆਸ ਕੀਤੀ ਜਾਂਦੀ ਹੈ । ਸੋ ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਨੂੰ ਆਪਣੀਆਂ ਜ਼ਿਮੇਵਾਰੀਆਂ ਦਾ ਅਹਿਸਾਸ ਜੀਵਨ ਦੇ ਹਰ ਪਖ ਵਿਚ ਕਰਨਾ ਅਤੇ ਨਿਭਾਣਾ ਜ਼ਰੂਰੀ ਹੈ । [ਸੰਪਾਦਕ

ਜੇ ਕੋਈ ਅੰਮ੍ਰਿਤਧਾਰੀ ਸਿੰਘ ਪ੍ਰਕਾਸ਼ਮਾਨ ਦਾੜ੍ਹੇ ਵਿਚ ਹੋਵੇ, ਤੇ ਬਾਜ਼ਾਰ ਵਿਚ ਆਮ ਰੇੜ੍ਹੀਆਂ ਤੋਂ ਛੋਲੇ, ਭਠੂਰੇ ਚਟਦਾ ਫਿਰੇ, ਕਦੀ ਕਿਤੇ ਚਾਹ, ਕਦੀ ਕਿਤੇ ਸਮੋਸੇ ਖਾਂਦਾ ਫਿਰੇ ਤਾਂ ਕੀ ਇਹ ਗੱਲ ਜਚਦੀ ਏ ? ਦਾਸ ਨੇ ਕਈ ਵੇਰਾਂ ਕਈ ਸਿੰਘਾਂ ਨੂੰ, ਜਿਹੜੇ ਚੰਗੇ ਕੀਰਤਨੀਏ ਤੇ ਚੰਗੇ ਜੋੜੀ ਮਾਸਟਰ ਹਨ, ਆਮ ਰੇੜ੍ਹੀ ਵਾਲਿਆਂ ਕੋਲ ਪਲੇਟਾਂ ਚੱਟਦੇ ਵੇਖਿਆ ਹੈ । ਇਹ ਦੇਖ ਕੇ ਦਾਸ ਦਾ ਮਨੂਆ ਕੁਝ ਵਲੂੰਧਰਿਆ ਜਿਹਾ ਜਾਂਦਾ ਰਿਹਾ ਏ । ਇਹ ਸਿੰਘ ਦੇਖਣ ਨੂੰ ਕਿੰਨੇ ਦਰਸ਼ਨੀ ਸਿੰਘ ਹਨ, ਜਿਥੇ ਕੀਰਤਨ ਹੋਵੇ, ਉਥੇ ਸਭ ਤੋਂ ਅੱਗੇ, ਜਿਥੇ ਅਖੰਡ-ਪਾਠ ਹੋਵੇ ਉਥੇ ਸਭ ਤੋਂ ਮੂਹਰੇ, ਜਿਥੇ ਕੋਈ ਸੇਵਾ ਹੋਵੇ ਉਥੇ ਵੀ ਸਭ ਦੇ ਆਗੂ ਪਰ ਜਿਥੇ 'ਬਿਬੇਕ ਬੁਧਿ' ਦੀ ਗੱਲ ਹੋਵੇ ਤਾਂ ਉਥੇ ਸਭ ਤੋਂ ਨੁਕਰੇ ਲੱਗੇ ਜਾਪਦੇ ਹਨ । ਇਹਨਾਂ ਸਿੰਘਾਂ ਨੇ ਪਤਾ ਨਹੀਂ ਕਿਉਂ ਬਾਜ਼ਾਰੀ ਜੂਠ ਨੂੰ, ਆਪਣਾ ਸ਼ੋਕ ਸ਼ੁਗਲ ਬਣਾ ਰੱਖਿਆ ਹੈ । ਆਪਣੀ ਜੀਭਾ ਦੇ ਸੁਆਦ ਲਈ ਉਹ ਸਭ ਪੁਆੜੇ ਕਰਦੇ ਹਨ । ਕੀ ਐਸਾ ਕਰਨਾ "ਤਤ ਗੁਰਮਤਿ" ਹੈ ।

ਗੁਰੂ ਰੂਪ ਪੰਜਾਂ ਪਿਆਰਿਆਂ ਦਾ ਹੁਕਮ ਹੈ ਕਿ 'ਜੂਠ, ਝੂਠ ਤੋਂ ਬਚਣਾ ਹੈ' । ਕੀ ਇਹ ਕੱਚ ਦੀਆਂ ਪਲੇਟਾਂ ਚਟਦੇ ਫਿਰਦੇ ਸਿੰਘ ਉਪਰੋਕਤ ਹੁਕਮ ਦੀ ਪਾਲਣਾ ਕਰਦੇ ਹਨ ? ਕੀ ਇਹ ਪਲੇਟਾਂ ਅਤੇ ਇਹ ਚਟਪਟੀਆਂ ਵਸਤੂਆਂ, ਬਾਜ਼ਾਰੀ ਬਣੀਆਂ ਹੋਈਆਂ ਚੀਜ਼ਾਂ ਜੂਠ-ਰਹਿਤ ਹਨ ?

ਜਿਨ੍ਹਾਂ ਕਚ ਦੇ ਗਲਾਸਾਂ ਤੇ ਪਲੇਟਾਂ ਵਿਚ ਸ਼ਰਾਬ ਤੇ ਮਾਸ ਅੰਡੇ ਆਦਿ ਦੀ ਵਰਤੋਂ ਹੁੰਦੀ ਹੈ ਉਨ੍ਹਾਂ ਪਲੇਟਾਂ ਤੇ ਗਲਾਸਾਂ ਵਿਚ ਸਾਡੇ ਇਹ ਅੰਮ੍ਰਿਤਧਾਰੀ ਵੀਰ ਛਕਦੇ ਛਕਾਂਦੇ ਫਿਰਦੇ ਹਨ । ਇਹ ਸਿੰਘ ਇਸ ਤਰ੍ਹਾਂ ਕਰਨ ਨਾਲ ਗੁਰਮਤਿ 'ਚ ਅਧੋਰਾਣੇ ਠੇਡੇ ਖਾਂਦੇ ਫਿਰਦੇ ਹਨ । ਉਹਨਾਂ ਦੇ ਜੀਊੜੇ ਕਦੀ ਵੀ ਸ਼ਾਂਤ, ਅਤੇ ਸੀਤਲ ਨਹੀਂ ।

ਇਸ ਜੂਠ, ਮੈਲ ਤੇ ਅਪਵਿਤਰਤਾ ਕਾਰਨ ਉਹ ਨਾਮ-ਰਸ ਤੋਂ ਵੰਚਿਤ ਰਹਿੰਦੇ ਹਨ । ਉਹਨਾਂ ਦੀ ਸੁਰਤ ਚੰਚਲ ਅਤੇ ਅਟਿਕਵੀਂ ਰਹਿੰਦੀ ਹੈ । ਸਿੰਘਾਂ 'ਚ ਵਿਚਰਦਿਆਂ ਹੋਇਆਂ ਵੀ ਉਹ ਆਪਣੀ ਇਸ ਚੰਚਲ ਬੁਧਿ ਦਾ ਪ੍ਰਗਟਾਵਾ, ਐਵੇਂ ਫ਼ਜ਼ੂਲ ਗੱਲਾਂ, ਮਖੌਲਾਂ ਅਤੇ ਠੱਠਿਆਂ ਨਾਲ ਕਰਦੇ ਹਨ । ਇਕ ਸਿੰਘਣੀ ਵਾਸਤੇ ਆਪਣੇ ਸਿੰਘ ਤੋਂ ਬਿਨਾਂ ਸਾਰੇ ਮਨੁੱਖ ਭਾਈ, ਪਿਤਾ, ਪੁੱਤਰ ਹਨ ਅਤੇ ਇਕ ਸਿੰਘ ਵਾਸਤੇ ਆਪਣੀ ਸਿੰਘਣੀ ਤੋਂ ਬਗ਼ੈਰ ਸਭ ਨਾਲ ਭੈਣਾਂ ਅਤੇ



www.AKJ.Org

ਮਾਤਾਵਾਂ ਦਾ ਰਿਸ਼ਤਾ ਹੈ। ਅਗਰ ਇਸ ਹੁਕਮ ਦੀ ਪਾਲਣਾ ਕਰੀਏ ਤਾਂ ਫਿਰ ਮਖ਼ੌਲ ਕਿਸ ਨਾਲ, ਠੱਠਾ ਕਿਸ ਨਾਲ ? ਅਫ਼ਸੋਸ ਵਾਲੀ ਗੱਲ ਇਹ ਹੈ ਕਿ ਇਹ ਭੁਲੜ ਸਿੰਘ ਸਗੋਂ ਗ਼ਲਤ ਪ੍ਰਚਾਰ ਕਰ ਕੇ, ਆਪਣੀਆਂ ਘਾਟਾਂ ਨੂੰ ਮਹਿਸੂਸ ਨਾ ਕਰਦਿਆਂ ਹੋਇਆਂ, ਆਪਣੇ ਆਪ ਨੂੰ ਗੁਰਮਤਿ ਦੇ ਧਾਰਨੀ ਸਮਝਦੇ ਹਨ ਅਤੇ ਆਪਣੇ ਆਪ ਨੂੰ ਅਸਲੀ ਨਾਮ-ਲੇਵਾ ਪਰਚਾਰਦੇ ਹਨ। ਕੀ ਇਹ ਉਹਨਾਂ ਵਾਸਤੇ ਘਾਟੇ ਵਾਲੀ ਗੱਲ ਨਹੀਂ ?

ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਬਖ਼ਸ਼ੀ ਹੋਈ "ਸਾਬਤ ਸੂਰਤ" ਦੇ ਨਾਲ ਨਾਲ ਪੰਜਾਂ ਪਿਆਰਿਆਂ ਦੇ ਹੁਕਮ ਨੂੰ, ਉਸ ਅਕਾਲ ਪੁਰਖ ਦਾ ਹੁਕਮ ਸਮਝ ਕੇ, ਉਸ ਅਨੁਸਾਰ ਇਸ ਮਨੂਏ ਨੂੰ ਤੋਰਨਾ ਹੈ। ਅਗਰ ਅਸੀਂ ਉਸ ਹੁਕਮ ਤੋਂ ਇਕ ਖਿਨ ਵੀ ਅਵੇਸਲੇ ਹੋ ਜਾਵਾਂਗੇ ਤਾਂ ਸਾਡੀ ਹਾਲਤ ਇਸ ਹੁਕਮ ਅਨੁਸਾਰ ਹੋ ਜਾਵੇਗੀ—

ਪੰਕਜੁ ਮੋਹ ਪਗੁ ਨਹੀ ਚਾਲੈ
ਹਮ ਦੇਖਾ ਤਹ ਡੂਬੀਅਲੇ ॥

ਗੁਰਮੁਖਤਾ ਵਾਲਾ ਜੀਵਨ ਜੀਊਣ ਵਾਸਤੇ "ਖੰਨਿਅਹੁ ਤਿਖੀ ਵਾਲਹੁ ਨਿਕੀ ਏਤਿ ਮਾਰਗ ਜਾਣਾ" ਪਏਗਾ। ਨਿਰਾ ਭੇਖ ਰੱਖ ਕੇ ਕੀ ਗੁਰੂ ਨੂੰ ਖ਼ੁਸ਼ ਰੱਖ ਸਕੀਦਾ ਹੈ ? ਮਹਾਰਾਜ ਦਾ ਇਹ ਸੰਦੇਸ਼ ਹੈ ਕਿ:—

ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ।

ਰਹਿਤ ਜਿਥੇ ਬਾਹਰਮੁਖੀ ਜ਼ਰੂਰੀ ਹੈ ਉਥੇ ਅੰਦਰੂਨੀ ਵੀ ਅਤਿ ਜ਼ਰੂਰੀ ਹੈ। ਸਿਖ ਨੇ ਅਮਲੀ ਜੀਵਨ ਦੁਆਰਾ ਰਹਿਤ ਰਹਿਣੀ ਦੀ ਕਮਾਈ ਕਰਨੀ ਹੈ।

ਬਜ਼ਾਰੀ ਜੂਠ ਮੂਠ ਖਾਣ ਵਾਲੇ ਸਿੰਘ ਗੁਰੂ ਕਿਆਂ ਦੇ ਜੀਵਨ ਨੂੰ ਨਸ਼ਰ ਕਰਦੇ ਫਿਰਦੇ ਹਨ। ਇਹ ਉਹਨਾਂ ਦੀਆਂ ਆਦਤਾਂ ਉਹਨਾਂ ਤਕ ਹੀ ਸੀਮਤ ਨਹੀਂ, ਬਲਕਿ ਨਵ-ਜਨਮੇ ਬੱਚਿਆਂ ਤੇ ਬਹੁਤ ਬੁਰਾ ਅਸਰ ਪਾਉਂਦੀਆਂ ਹਨ। ਉਹਨਾਂ 'ਚ ਢਿਲ ਵਰਤਾਉਣ ਦਾ ਕਾਰਨ ਬਣਦੀਆਂ ਹਨ। ਇਹ ਢਿਲੜ ਸਿੰਘ ਨਵੇਂ ਸਿੰਘਾਂ ਦੀ ਬਿਬੇਕ ਬੁਧਿ ਵਾਸਤੇ ਰੋੜਾ ਹਨ ਅਤੇ ਉਹਨਾਂ ਨੂੰ ਬਹਾਨਾ ਮਿਲ ਜਾਂਦਾ ਹੈ ਕਿ ਫਲਾਣਾ ਸਿੰਘ ਤਾਂ ਸਭ ਕੁਝ ਛਕ-ਛਕਾ ਲੈਂਦਾ ਹੈ। ਅਜੇ ਕਲ ਅਸੀਂ ਰੇੜ੍ਹੀ ਤੋਂ ਖਾਂਦਾ ਦੇਖਿਆ ਹੈ। ਇਹ ਢਿਲੜ ਸਿੰਘ ਆਪਣੇ ਗੁਰੂ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ੀ ਹਨ। ਉਹਨਾ ਵਾਸਤੇ ਜ਼ਰੂਰੀ ਹੈ ਕਿ ਉਹ ਪੰਜਾਂ ਦੇ ਪੇਸ਼ ਹੋ ਕੇ ਆਪਣੀਆਂ ਭੁਲਾਂ ਦੀ ਸੁਧਾਈ ਕਰਾ ਕੇ ਤਤਪਰ ਹੋ ਜਾਣ।

ਜ਼ਿੰਦਗੀ ਦਾ ਕਿਸੇ ਨੂੰ ਕੋਈ ਭਰੋਸਾ ਨਹੀਂ, ਹਰ ਇਕ ਇਨਸਾਨ ਜੋ ਅਜ ਹੈ, ਉਹ ਕਲ ਨਹੀਂ ਹੋਵੇਗਾ। ਮਰਨਾ ਸਚ ਹੈ ਅਤੇ ਜੀਊਣਾ ਝੂਠ। ਜਦੋਂ ਸਾਨੂੰ ਇਹ ਪਤਾ ਹੈ ਤਾਂ ਸਾਨੂੰ ਗੁਰੂ ਸਾਹਿਬ ਦੇ ਹੁਕਮਾਂ ਤੇ ਫੁਲ ਚੜ੍ਹਾਉਣੇ ਚਾਹੀਦੇ ਹਨ। ਜੇ ਅਸੀਂ ਆਪਣੇ ਪਿਤਾ ਦਾ ਹੁਕਮ ਹੀ ਨਹੀਂ ਮੰਨਾਂਗੇ ਤਾਂ ਪਿਤਾ ਗੁਰੂ ਸਾਹਿਬ ਕਿੰਨੇ ਕੁ ਖੁਸ਼ ਹੋ ਕੇ ਸਾਡੀ ਬਾਹ ਫੜਨਗੇ, ਇਸ ਦਾ ਸਾਨੂੰ ਖ਼ੁਦ ਹੀ ਅਹਿਸਾਸ ਹੋਣਾ ਚਾਹੀਦਾ ਹੈ।

ਕਈ ਸਿੰਘ (ਦਾਸ ਵੀ ਉਹਨਾਂ ਵਿਚ ਸ਼ਾਮਲ ਹੈ) ਆਪਣੇ ਅਖੀਂ ਗੁਰਮਤਿ ਦੀ ਢਿਲ ਅਤੇ ਗੁਰੂ ਸਾਹਿਬ ਦੀ ਬੇਅਦਬੀ ਦੇਖ ਕੇ ਅਖੋਂ ਉਹਲੇ ਕਰ ਦਿੰਦੇ ਹਨ ਅਤੇ 'ਹਊ ਪਰੇ' ਕਹਿ ਕੇ ਇਹੋ ਜਿਹੀਆਂ ਢਿਲੀਆਂ, ਕੂੜੀਆਂ ਲੈਕਚਰ-ਬਾਜ਼ੀਆਂ ਨੂੰ ਊਂਘੀ ਪਾਈ ਸੁਣਦੇ ਰਹਿੰਦੇ ਹਨ ਅਤੇ ਜੁੱਰਅਤ ਨਹੀਂ ਕਰ ਸਕਦੇ ਕਿ ਉਸਦੀ ਢਿਲ ਨੂੰ ਸੋਧ ਦਈਏ। ਕੀ ਇਹ ਅੱਖੀਂ ਦੇਖ ਕੇ ਮਹੁਰਾ ਖਾਣ ਵਾਲੀ ਗੱਲ ਨਹੀਂ ? ਕੀ ਅਸੀਂ ਇਸ ਦੁਨੀਆ ਦੀਆਂ ਗੱਲਾਂ ਵਿਚ ਆਪ ਪੱਕੇ ਦੁਨਿਆਵੀ ਨਹੀਂ ਬਣੇ ਬੈਠੇ ? ਅਤੇ ਕੀ ਅਸੀਂ 'ਤੱਤ ਗੁਰਮਤਿ' ਛੱਡ ਕੇ ਮਲੇਛ ਖ਼ਾਲਸੇ ਦੀ ਰੀਸ ਨਹੀਂ ਕਰ ਰਹੇ ? ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਗੁਰੂ ਕੇ ਲਾਲੇ ਗੋਲੇ ਹੋ ਕੇ ਵਿਚਰੇ। ਉਹ 'ਤੱਤ ਗੁਰਮਤਿ' ਦੀ ਲੀਹ ਤੇ ਪੂਰਨ ਮਰਯਾਦਾ ਅਨੁਸਾਰ ਵਿਚਰਦੇ ਰਹੇ। ਉਨ੍ਹਾਂ ਦਾ 'ਤਤ-ਗੁਰਮਤਿ' ਅਨੁਸਾਰੀ ਗੁਰਮੁਖੀ ਜੀਵਨ ਸਾਡੇ ਵਾਸਤੇ ਚਾਨਣ-ਮੁਨਾਰਾ ਹੈ। ਸਾਡੇ ਨੌਜੁਆਨਾਂ ਦੇ ਲੰਗੜੇ ਭਾਗ ! ਅਸੀਂ ਭਾਈ ਸਾਹਿਬ ਦੇ ਦਰਸ਼ਨ ਨਹੀਂ ਕਰ ਸਕੇ, ਪਰ ਉਹਨਾਂ ਦੀਆਂ ਲਿਖਤਾਂ ਅਤੇ ਨਿਕਟਵਰਤੀ ਸਿੰਘਾਂ ਤੋਂ ਪਤਾ ਚਲਦਾ ਹੈ ਕਿ ਉਹ ਕਦੀ ਵੀ ਗੁਰਮਤਿ ਪੱਖ ਤੋਂ ਢਿਲ ਨਹੀਂ



www.AKJ.Org

ਸਨ ਵਰਤਣ ਦਿੰਦੇ। ਪਰ ਅਫ਼ਸੋਸ ਹੈ ਕਿ ਹੁਣ ਦੇਖਾ ਦੇਖੀ ਬਹੁਤ ਢਿਲ ਵਰਤਦੀ ਜਾ ਰਹੀ ਹੈ। ਸਾਨੂੰ ਕਿਸੇ ਲਿਹਾਜ਼ਦਾਰੀ ਵਿਚ ਨਹੀਂ ਆਉਣਾ ਚਾਹੀਦਾ।

ਕਈ ਸਾਡੀਆਂ ਮਾਤਾਵਾਂ ਭੈਣਾਂ ਤਾਂ ਬਹੁਤ ਗੁਰਮੁਖ ਹਨ, ਪਰ ਕਈਆਂ ਬਾਰੇ ਤਾਂ ਕਲਮ ਲਿਖਣ ਤੋਂ ਵੀ ਸੰਕੋਚ ਕਰਦੀ ਹੈ। ਉਹਨਾਂ ਨੂੰ ਅਸੀਂ ਸਿਰਫ਼ ਪੰਜ ਕਕਾਰਾਂ ਨਾਲ ਹੀ ਸੁਸ਼ੋਭਤ ਨਹੀਂ ਦੇਖਾਂਗੇ ਸਗੋਂ ਕੜੇ ਦੇ ਨਾਲ ਨਾਲ ਸੋਨੇ ਦੀਆਂ ਚੂੜੀਆਂ, ਸੋਨੇ ਦੀ ਛਾਪਾਂ ਤੇ ਗਹਿਣਿਆਂ ਅਤੇ ਸੁਰਖੀਆਂ, ਪਾਊਡਰਾਂ ਨਾਲ ਸ਼ਿੰਗਾਰੀਆਂ ਹੋਈਆਂ ਵੀ ਦੇਖ ਸਕਦੇ ਹਾਂ। ਇਹ ਦਸਤਾਰ ਸੰਯੁਕਤ ਬੀਬੀਆਂ ਹਯਾ ਵਿਚ ਰਹਿਣ ਦੀ ਬਜਾਏ ਬੜੇ ਰੁਹਬ ਨਾਲ ਹਾਰ ਸ਼ਿੰਗਾਰ ਦਿਖਾਉਂਦੀਆਂ, ਚੂੜੀਆਂ ਛਣਕਾਉਂਦੀਆਂ ਤੇ ਬਾਹੀਂ ਲੁਡਾਉਂਦੀਆਂ ਦੇਖੀਆਂ ਜਾਂਦੀਆਂ ਹਨ। ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਜਿਨ੍ਹਾਂ ਗੁਰਸਿਖਾਂ ਦੀਆਂ ਇਹ ਧੀਆਂ ਭੈਣਾਂ, ਪਤਨੀਆਂ ਹਨ ਉਹ ਅਖਾਂ ਮੀਟ ਛੱਡਦੇ ਹਨ। ਕੀ ਉਹ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਨਹੀਂ ਸਕਦੇ? ਕੀ ਉਹਨਾਂ ਦੇ ਪਤੀ ਪ੍ਰਮੇਸ਼ਵਰ ਨੂੰ ਇਹ ਸਭ ਕੁਝ ਨਹੀਂ ਦਿਸਦਾ?

ਕੀ ਗੁਰੂ ਰੂਪ ਪੰਜਾਂ ਪਿਆਰਿਆਂ ਦੇ ਹੁਕਮ ਅਨੁਸਾਰ ਇਹ ਹਾਰ-ਸ਼ਿੰਗਾਰ ਲਾਏ ਜਾਂਦੇ ਹਨ? ਭੜਕੀਲੇ ਕਪੜੇ ਪਾਉਣੇ, ਫੈਸ਼ਨ ਰੱਖਣੇ ਤੇ ਸਾੜ੍ਹੀਆਂ ਬੰਨ੍ਹਣੀਆਂ ਇਨ੍ਹਾਂ ਨੇ ਗੁਰਸਿਖੀ ਜੀਵਨ ਦਾ ਇਕ ਅੰਗ ਬਣਾ ਛੱਡਿਆ ਏ। ਇਹ ਬੀਬੀਆਂ ਅੰਦਰਖਾਤੇ ਸਭ ਕੁਝ ਆਮ ਦੁਨੀਆਂ ਵਾਂਗੂ ਵਿਚਰਦੀਆਂ ਹਨ। ਤਨ ਪੀੜਨ ਵਾਲਾ ਖਾਣਾ, ਪਹਿਨਣਾ ਅਤੇ ਗਹਿਣੇ ਪਾਉਣੇ ਉਹਨਾਂ ਲਈ ਜ਼ਰੂਰੀ ਹੈ, ਭਾਵੇਂ ਸਵੇਰੇ ਨੌਂ ਵਜੇ ਹੀ ਉਠਣ ਅਤੇ ਨਿਤਨੇਮ ਕਰਨ ਜਾਂ ਨਾ ਕਰਨ, ਪਰ ਫ਼ੈਸ਼ਨ ਵਿਚ ਕੋਈ ਕਸਰ ਨਹੀਂ ਛਡਣਗੀਆਂ। ਉਨ੍ਹਾਂ ਦੇ ਸਿੰਘ ਵੀ ਬੀਵੀ ਜੀ ਦੇ ਗੁਲਾਮ ਬਣੇ ਦੇਵੀ-ਪੂਜਕਾਂ ਵਾਂਗੂ ਉਹਨਾਂ ਦੀ ਪੂਜਾ ਕਰਦੇ ਹਨ। ਇਹੋ ਜਿਹੀ ਢਿਲੀ ਮੱਠੀ ਬੀਬੀ ਸਿੰਘ ਨੂੰ ਪਰਮਾਰਥ ਵਿਚ ਸਹਾਇਕ ਕੀ ਹੋ ਸਕਣੀ ਹੈ, ਸਗੋਂ ਉਹ ਗੁਰਮਤਿ ਤੋਂ ਘੁੱਥੀ ਸਿੰਘ ਨੂੰ ਵੀ ਖੂਹ ਵਿਚ ਲੈ ਡੁਬਦੀ ਹੈ। ਸੋ ਅਜਿਹੀਆਂ ਦਸਤਾਰੇ ਸੰਯੁਕਤ ਬੀਬੀਆਂ ਕੋਲ ਦਾਸ ਦੀ ਬੇਨਤੀ ਹੈ ਕਿ "ਗੁਰਸਿਖੀ ਦਾ ਜਲੂਸ" ਨਾ ਕੱਢਣ ਬਲਕਿ ਗੁਰਸਿਖੀ ਨੂੰ ਸਾਦਾ ਰਹਿਣੀ ਵਿਚ ਰਹਿ ਕੇ ਚਾਰ ਚੰਨ ਲਾਉਣ। 'ਬਿਬੇਕ' ਦਾ ਪਹਿਰਾ ਸਿੰਘਾਂ ਦੇ ਨਾਲ ਨਾਲ ਬੀਬੀਆਂ ਵਾਸਤੇ ਵੀ ਬਹੁਤ ਜ਼ਰੂਰੀ ਹੈ, ਕਿਉਂਕਿ ਇਹਨਾਂ ਬੀਬੀਆਂ ਨੇ ਹੀ ਕੌਮ ਦੀ ਉਸਾਰੀ ਕਰਨੀ ਹੈ। ਇਹਨਾ ਬੀਬੀਆਂ ਨੇ ਕੌਮ ਵਿਚ ਸੁਰਜੀਤੀ ਲਿਆਉਣੀ ਹੈ। ਜੇ ਇਹ ਆਪ ਹੀ ਗੁਰਮਤਿ ਰਹਿਣੀ ਵਿਚ ਢਿਲੀਆਂ ਹੋਣ ਤਾਂ ਆਪਣੇ ਬੱਚਿਆਂ ਨੂੰ ਇਹ ਕੀ ਸਿਖਾਉਣਗੀਆਂ? ਬੀਬੀਆਂ ਨੂੰ ਵੀ ਨਾਮ-ਰਸ ਮਾਣਨ ਲਈ ਬਿਬੇਕ-ਬੁਧਿ ਦੀ ਅਤਿਅੰਤ ਜ਼ਰੂਰਤ ਹੈ, ਨਹੀਂ ਤਾਂ ਸੁਰਤ ਕਦੀ ਵੀ ਟਿਕਾਅ ਵਿਚ ਨਹੀਂ ਆ ਸਕਦੀ।

ਉਪਰ ਲਿਖੀਆਂ ਬੇਨਤੀਆਂ ਦਾ ਅਸਰ ਉਨ੍ਹਾਂ ਸਿੰਘਾਂ ਸਿੰਘਣੀਆਂ ਤੇ ਕੋਈ ਨਹੀਂ ਹੋ ਸਕਦਾ, ਜਿਹਨਾਂ ਦੇ ਹਿਰਦੇ ਵਿਚ ਰਸਾਂ ਕਸਾਂ ਦੇ ਭੋਗਣ ਦਾ ਸੁਆਦ ਘਰ ਕਰ ਚੁਕਾ ਹੈ। ਪਰ ਫੇਰ ਵੀ ਦਾਸ ਦੀ ਬੇਨਤੀ ਹੈ ਕਿ ਸਾਨੂੰ 'ਤਤ ਗੁਰਮਤਿ' ਅਨੁਸਾਰ ਜੀਵਨ ਢਾਲਣ ਲਈ 'ਗੁਰਮਤਿ ਬਿਬੇਕ' ਧਾਰਨ ਕਰਨ ਲਈ ਕਮਰਕਸੇ ਕਰਨੇ ਚਾਹੀਦੇ ਹਨ। ਤਦੇ ਹੀ ਅਸੀਂ "ਇਹ ਲੋਕ ਸੁਖੀਏ ਪਰਲੋਕ ਸੁਹੇਲੇ" ਹੋ ਸਕਾਂਗੇ।

ਅਖ਼ੀਰ ਵਿਚ ਦਾਸ ਦੋਇ ਕਰ ਜੋੜ ਜਾਚਨਾ ਕਰਦਾ ਹੈ ਕਿ ਗੁਰੂ ਰੂਪ ਸੰਗਤ ਸਰੀਰਕ ਤੰਦਰੁਸਤੀ, ਗੁਰਬਾਣੀ ਅਨੁਸਾਰ ਜੀਵਨ, ਸਵਾਸ ਸਵਾਸ ਸਿਮਰਨ, ਬਲ, ਅੰਮ੍ਰਿਤ ਵੇਲੇ ਦੇ ਜਾਗਣੇ ਅਤੇ ਗੁਰੂ ਸਿਖਾਂ ਦੀ ਸਤਿਸੰਗਤ ਬਖ਼ਸ਼ੇ।

—o—

## ਨੈਨੋਕੋਟ (ਗੁਰਦਾਸਪੁਰ) ਵਿਖੇ ਰੈਣ-ਸਬਾਈ ਕੀਰਤਨ

ਗੁਰਦਾਸਪੁਰ ਦੀ ਸੰਗਤ ਵਲੋਂ ਪਿੰਡ ਨੈਨੋਕੋਟ ਵਿਖੇ ੧੨ ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਬਟਾਲੇ ਤੋਂ ਬਸ ਰਾਹੀਂ ਸਠਿਆਲੀ ਪਹੁੰਚ ਕੇ ਇਕ ਮੀਲ ਤੇ ਸ੍ਰੀ ਹਰਗੋਬਿੰਦਪੁਰ ਸੜਕ ਤੇ ਇਸ ਪਿੰਡ ਪੁਜੋ ਜੀ।

## ਅੰਮ੍ਰਿਤਸਰ ਅਖੰਡ ਕੀਰਤਨੀ ਜੱਥੇ ਵਲੋਂ ਐਤਵਾਰ ਦੇ ਕੀਰਤਨ-ਪ੍ਰੋਗਰਾਮ

੬ ਜੂਨ ਸਵੇਰੇ ੬ ਤੋਂ ੯। ਕੀਰਤਨ ਸ: ਸੁੰਦਰ ਸਿਘ ਜੀ ਚਾਹ ਵਾਲੇ, ਅਨੰਦ ਫੋਰਜਿੰਗ, ਜੀ. ਟੀ. ਰੋਡ ਨਹਿਰ ਲਾਗੇ
੧੩ ਜੂਨ ਸਵੇਰੇ ੬ ਤੋਂ ੯॥ ਕੀਰਤਨ ਸ: ਮਹਿਤਾਬ ਸਿੰਘ ਜੀ ਬੈਂਕ ਵਾਲੇ, ੫੧, ਅਜੀਤ ਨਗਰ, ਅੰਮ੍ਰਿਤਸਰ
੧੯ ਜੂਨ ਸਵੇਰੇ ੬ ਤੋਂ ੯॥ ਕੀਰਤਨ ਡਾ: ਮਹਿੰਦਰ ਸਿੰਘ ਜੀ ਡੈਂਟਿਸਟ, ਮੋਹਨ ਨਗਰ, ਸੁਲਤਾਨ ਵਿੰਡ ਰੋਡ
੨੬ ਜੂਨ ਸਵੇਰੇ ੬ ਤੋਂ ੯॥ ਕੀਰਤਨ ਗੁਰਦੁਆਰਾ ਈਸਟ ਮੋਹਨ ਨਗਰ ਤੇ ਅਜੀਤ ਨਗਰ, ਅੰਮ੍ਰਿਤਸਰ

**ਹੰਸਾ ਹੀਰਾ ਮੋਤੀ ਚੁਗਣਾ**—ਪੁਸਤਕ ਵਿਚ 'ਮਾਸ' ਦਾ ਨਿਰਣਾ ਦੁਨੀਆ ਭਰ ਦੇ ਮਜ਼ਹਬਾਂ ਅਤੇ ਮਹਾਂ ਪੁਰਸ਼ਾਂ ਦੇ ਕਥਨਾਂ ਦੁਆਰਾ ਕੀਤਾ ਗਿਆ ਹੈ। ਇਸ ਦੀ ਦੂਜੀ ਵਧਾਈ ਹੋਈ ਐਡੀਸ਼ਨ ਛਪ ਗਈ ਹੈ। ਰਿਆਇਤੀ ਭੇਟਾ ਸਵਾ ਦੋ ਰੁਪਏ।



www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਐਤਕੀਂ ਹੇਠ ਲਿਖੀਆਂ ਸੌ ਸੌ ਰੁਪਏ ਦੀਆਂ ਬੈਂਕ ਵਿਚ ਐਫ. ਡੀਆਂ ਬਣਵਾਈਆਂ ਗਈਆਂ ਹਨ :—

| | | | |
|---|---|---|---|
| 104. ਸ: ਬਲਵੰਤ ਸਿੰਘ ਜੀ ਉਬੇਰਾਏ | (ਚਿਟ ਨੰ: 636) | 204462-842-76 | ਮਿਤੀ 24.5.76 |
| 105. ਸ: ਏ. ਐਸ. ਸੱਤ | ( ,, ,, 1790) | 204463-843-76 | ,, ,, |
| 106. ਸ: ਸੁਰਿੰਦਰ ਸਿੰਘ ਜੀ | ( ,, ,, 263) | 204464-844-76 | ,, ,, |
| 107. ਸ: ਅਵਤਾਰ ਸਿੰਘ ਜੀ ਰੰਗ ਵਾਲੇ | ( ,, ,, 894) | 204465-845-76 | ,, ,, |
| 108. Mrs. ਕ੍ਰਿਸ਼ਨ ਕਾਂਤਾ ਤੇ ਸ: ਅਵਤਾਰ ਸਿੰਘ ਢੱਲ | ( ,, ,, 471) | 204466-846-76 | ,, ,, |
| 109. ਸ: ਆਗਿਆ ਸਿੰਘ ਜੀ | ( ,, ,, 757) | 204467-847-76 | ,, ,, |
| 110. ਸ: ਅਮਰਜੀਤ ਸਿੰਘ ਜੀ D/Man | ( ,, ,, 289) | 204468-848-76 | ,, ,, |
| 111. ਬੀਬੀ ਪਿਆਰ ਕੌਰ ਜੀ | ( ,, ,, 1081) | 204469-849-76 | ,, ,, |
| 1 2. ਭਾ: ਬੂਟਾ ਸਿੰਘ ਜੀ | ( ,, ,, 1586) | 204484-864-76 | ,, 27.5.76 |

**ਪਾਠਕ ਜੀ !** ਆਪਣੇ ਤੇ ਸਾਡੇ ਸੁਖਾਲ ਲਈ ਇਕੋ ਵਾਰ ਸੌ ਰੁਪਏ ਭੇਜੋ ਅਤੇ ਵਧ ਤੋਂ ਵਧ ਪੱਕੇ ਮੈਂਬਰ ਬਣੋ। ਇਹ ਸੌ ਰੁਪਏ ਤੁਹਾਡੀ ਅਮਾਨਤ ਹੋਵੇਗੀ, ਜੋ ਤੁਹਾਡੇ ਨਾਂ ਤੇ ਬੈਂਕ ਵਿਚ ਜਮ੍ਹਾ ਕਰਵਾ ਦਿਤੀ ਜਾਵੇਗੀ। ਜਦੋਂ ਆਪ ਚਾਹੋ, ਇਹ ਰਕਮ ਵਾਪਸ ਲੈ ਸਕਦੇ ਹੋ। ਪੰਜ ਸਾਲ ਤੋਂ ਪਹਿਲਾਂ ਮਮੂਲੀ ਕਟੌਤੀ ਹੋਵੇਗੀ।

| | | | |
|---|---|---|---|
| **ਅਮਾਨਤੀ ਲਾਈਫ** ਮੈਂਬਰ ਦੇਸ ਲਈ | 100/- | **ਸਮੁੰਦਰੀ ਡਾਕ**—ਪਰਦੇਸ ਸਭ ਥਾਈਂ | 250/- |
| **ਹਵਾਈ ਡਾਕ**—ਯੂ. ਕੇ. ਅਫਰੀਕਾ ਆਦਿ | 650/- | ਮਲਾਇਆ ਸਿੰਘਾਪੁਰ ਤੇ ਅਰਬ ਆਦਿ | 500/- |
| ਅਮਰੀਕਾ ਕੈਨੇਡਾ ਆਦਿ | 750/- | | |

---

# ਸੂਰਾ ਮਾਸਕ ਪੱਤਰ ਨੂੰ ਸਹਾਇਤਾ

| | |
|---|---|
| 1. ਸ: ਦਲੀਪ ਸਿੰਘ ਜੀ ਨਵੀਂ ਦਿਲੀ ਵਲੋਂ ਸਪੁਤ੍ਰੀ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿਚ | ੧੦—੦੦ |
| 2. ਸ੍ਰੀਮਤੀ ਕ੍ਰਿਸ਼ਨ ਕਾਂਤਾ ਢੱਲ ਨਵੀਂ ਦਿਲੀ ਵਲੋਂ ਬੱਚੀ ਹਰਦੀਪ ਕੌਰ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿਚ | ੨੧—੦੦ |
| 3. ਸ: ਭਗਤ ਸਿੰਘ ਕੋਹਲੀ ਬੰਬਈ ਵਲੋਂ ਪ੍ਰਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਲਈ | ੫੧—੦੦ |
| 4 ਸ: ਸੁਰਿੰਦਰ ਸਿੰਘ ਜੀ ਕੋਟਾ ਵਲੋਂ | ੧੦—੦੦ |
| 5. ਸ: ਹਰਬੰਸ ਸਿੰਘ ਜੀ ਟੀ. ਐਮ. ਕਾਲਾ ਕੋਟ ਵਲੋਂ | ੫—੦੦ |
| 6 ਸ: ਪਿਆਰਾ ਸਿੰਘ ਜੀ ਮੈਨਪੁਰੀ ਵਲੋਂ | ੩—੦੦ |
| 7 ਸ੍ਰਦਾਰਨੀ ਸ: ਬਹਾਦਰ ਸਿੰਘ ਜੀ ਅੰਮ੍ਰਿਤਸਰ ਵਲੋਂ ਸਰਦਾਰ ਜੀ ਦੀ ਯਾਦ 'ਚ ਅਖੰਡਪਾਠ ਦੇ ਭੋਗ ਸਮੇਂ | ੪੨—੦੦ |
| 8. ਸ: ਗੁਰਨਾਮ ਸਿੰਘ ਜੀ ਚੱਢਾ ਕਲਕਤਾ ਵਲੋਂ | ੨—੦੦ |
| 9. ਸ: ਸਵਰਨ ਸਿੰਘ ਜੀ 56 A.P.O. | ੧—੭੫ |
| 10. ਸ: ਅਮਰਜੀਤ ਸਿੰਘ ਤੇ ਬੀਬੀ ਆਗਿਆ ਕੌਰ ਜੀ ਕੋਟਾ ਵਲੋਂ | ੧੨—੦੦ |
| 11. ਸ: ਆਗਿਆ ਸਿੰਘ ਜੀ ਕਾਨਪੁਰ ਵਲੋਂ | ੧੦੦—੦੦ |

ਸਤਿਗੁਰੂ ਦਾਤਾਰ ਪਿਤਾ ਸਭਸ ਨੂੰ ਨਾਮ ਦੀ ਦਾਤ ਤੇ ਚੜ੍ਹਦੀਆਂ ਕਲਾਂ ਬਖਸ਼ਣ।

www.AKJ.Org

# ਕੁਮਾਰਹੱਟੀ-ਡਗਸ਼ਈ ਵਿਚ ਅਖੰਡ ਕੀਰਤਨ ਸਮਾਗਮ

## ੨ ਜੁਲਾਈ ਸ਼ੁਕਰਵਾਰ ਤੋਂ ੪ ਜੁਲਾਈ ਐਤਵਾਰ ਤਕ

ਸੰਗਤਾਂ ਨੂੰ ਵਿਦਤ ਕੀਤਾ ਜਾਂਦਾ ਹੈ ਕਿ ਗੁਰਦਵਾਰਾ ਤਪੋ-ਬਨ ਸਥਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕੁਮਾਰਹੱਟੀ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਸ੍ਰੀ ਅਖੰਡਪਾਠ ਤੇ ਕੀਰਤਨ-ਸਮਾਗਮ ਹੋ ਰਹੇ ਹਨ। ਭਾਈ ਸਾਹਿਬ ਬਾਵਾ ਸਿੰਘ ਜੀ ਆਪਣੇ ਅਕਾਲ ਚਲਾਣੇ ਤੋਂ ਪਹਿਲਾਂ ਇਸ ਸਮਾਗਮ ਦੀਆਂ ਤਰੀਕਾਂ ਨੀਯਤ ਕਰ ਗਏ ਸਨ। ਕੀਰਤਨ-ਸਮਾਗਮ ਤੋਂ ਇਲਾਵਾ ਇਥੋਂ ਦੇ ਪਰਬੰਧ ਬਾਰੇ ਵੀ ਵੀਚਾਰਾਂ ਇਸੇ ਸਮੇਂ ਕੀਤੀਆਂ ਜਾਣਗੀਆਂ। ਸਮੂਹ ਨਾਮ-ਰਸੀਏ ਵੀਰ ਭੈਣਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

### ਪ੍ਰੋਗਰਾਮ

| | | | |
|---|---|---|---|
| ੨ ਜੁਲਾਈ | ੫ ਤੋਂ ੮ ਸਵੇਰੇ | ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਖਾਠ ਅਰੰਭ | ਗੁਰਦਵਾਰਾ ਤਪੋਬਨ ਕੁਮਾਕਹੱਟੀ ਵਿਖੇ |
| | ੭। ਤੋਂ ੯॥ ਸ਼ਾਮ | ਸੋਦਰ ਦੀ ਚੌਕੀ | |
| ੩ ਜੁਲਾਈ | ੫ ਤੋਂ ੧੧ ਸਵੇਰੇ | ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁ: ਸਿੰਘ ਸਭਾ ਡਗਸ਼ਈ ਵਿਖੇ |
| | ੭। ਤੋਂ ੯॥ ਸ਼ਾਮ | ਸੋਦਰ ਦੀ ਚੌਕੀ | ਗੁਰਦਵਾਰਾ ਤਪੋਬਨ, ਕੁਮਾਰਹੱਟੀ ਵਿਖੇ |
| ੪ ਜੁਲਾਈ | ੫ ਵਜੇ ਸਵੇਰੇ | ਭੋਗ ਸ੍ਰੀ ਅਖੰਡਪਾਠ | ,, ,, |
| | ਤੋਂ ੨ ਵਜੇ ਦੁਪਹਿਰ | ਆਸਾ ਦੀ ਵਾਰ ਤੇ ਅਖੰਡ ਕੀਰਤਨ ਤੇ ਸਮਾਪਤੀ | ,, ,, |

ਨੋਟ :—੧. ਲੰਗਰ ਆਦਿ ਦਾ ਪਰਬੰਧ ਕੁਮਾਰਹੱਟੀ ਵਿਖੇ ਹੋਵੇਗਾ।

੨. ਪਹਾੜ ਦੀ ਲੋੜ ਅਨਸਾਰ ਗਰਮ ਕਪੜੇ ਤੇ ਬਿਸਤਰੇ ਜ਼ਰੂਰ ਨਾਲ ਲਿਆਓ ਜੀ।

ਪੁੱਛ ਗਿੱਛ ਲਈ :—
ਸ: ਬਲਬੀਰ ਸਿੰਘ, ੧੨੬ ਮਾਡਲ ਟਾਊਨ, ਲੁਧਿਆਣਾ

ਪ੍ਰਾਰਥਕ ਦਾਸ—ਮਲ ਸਿੰਘ (ਜੱਥੇਦਾਰ)
ਸਰਬ ਹਿੰਦ ਅਖੰਡ ਕੀਰਤਨੀ ਜੱਥਾ

# ਮਾਡਲ ਟਾਊਨ ਲੁਧਿਆਣਾ ਵਿਖੇ ਕੀਰਤਨ ਰੈਣ ਸਬਾਈ

ਸਕੱਤਰ, ਗੁ: ਸਿੰਘ ਸਭਾ, ਮਾਡਲ ਟਾਊਨ ਲੁਧਿਆਣਾ ਇਤਲਾਹ ਦਿੰਦੇ ਹਨ ਕਿ ੨੬ ਜੂਨ ੧੯੭੬ ਸ਼ਨੀਵਾਰ ਰਾਤ ਨੂੰ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਦੇ ਸਾਹਮਣੇ ਗੁਰੂ ਨਾਨਕ ਗਰਲਜ਼ ਕਾਲਜ ਦੀ ਗਰਾਊਂਡ ਦੇ ਖੁਲ੍ਹੇ ਪੰਡਾਲ ਵਿਚ ਇਕ ਵਿਸ਼ਾਲ ਰੈਣ-ਸਬਾਈ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਹਰਿ-ਜਸ ਦੇ ਲਾਹੇ ਪ੍ਰਾਪਤ ਕਰੋ ਜੀ।

ਪ੍ਰਾਰਥਕ - ਗੁਰੂ ਨਾਨਕ ਗਰਲਜ਼ ਕਾਲਜ ਐਜੂਕੇਸ਼ਨ ਟਰੱਸਟ, ਲੁਧਿਆਣਾ

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੩—੦੦ | ਗੁਰਮਤਿ ਬਿਬੇਕ | ੭—੫੦ |
| ਗੁਰਮਤਿ ਸਚ ਨਿਰਣੇ | ੬—੦੦ | ਗੁਰਮਤਿ ਰਮਜ਼ਾਂ | ੧—੩੦ |
| ਅੰਮ੍ਰਿਤ ਕੀ ਹੈ | ੨—.੦ | ਅਨਹਦ ਸ਼ਬਦ ਦਸਮ ਦੁਆਰ | ੩—੫੦ |
| ਰੰਗਲੇ ਸਜਣ | ੩—੫੦ | ਗੁਰਮਤਿ ਗੌਰਵਤਾ | ੭—੦੦ |
| ਦਰਸ਼ਨ ਝਲਕਾਂ | ੨—੫੦ | ਝਟਕਾ ਮਾਸ ਪ੍ਰਥਾਇ ਤਤ ਨਿਰਣੇ | ੩—੦੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦—੩੫ | ਗੁਰਬਾਣੀ ਦੀ ਪਾਰਸ-ਕਲਾ | ੦—੩੫ |
| ਸਿੰਘਾਂ ਦਾ ਪੰਥ ਨਿਰਾਲਾ | ੦—੨੫ | ਉਮਰ ਕੈਦੀ ਦਾ ਸੁਪਨਾ | ੦—੨੫ |

ਹੋਰ ਪੁਸਤਕਾਂ ਭਾਈ ਸਾਹਿਬ ਲਿਖਤ ਜਿਉਂ ਜਿਉਂ ਛਪਣਗੀਆਂ, ਪਾਠਕਾਂ ਨੂੰ ਇਤਲਾਹ ਦਿੰਦੇ ਜਾਵਾਂਗੇ।

ਪੁਸਤਕਾਂ ਮੰਗਾਉਣ ਦਾ ਲਈ—

**ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 126–ਮਾਡਲ ਟਾਊਨ, ਲੁਧਿਆਣਾ**

**(ਜਾਂ) 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ**

www.AKJ.Org